




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition








Reg No: AAG1353 | Ludhiana, Wednesday 20 May, 2026 | website: www.cee7news.com


## ਰਾਜ ਅੰਗਦ ਬਾਵਾ ਸੱਟਾਂ ਕਾਰਨ ਵੀਰਵਾਰ ਨੂੰ ਇੰਡੀਅਨ ਪ੍ਰੀਮੀਅਰ ਲੀਗ ਦੇ ਬਾਕੀ ਸੀਜ਼ਨ ਤੋਂ ਬਾਹਰ




ਮੁੰਬਈ ਇੰਡੀਅਨਜ਼ ਦੇ ਵਿਕਟਕੀਪਰ-ਬੱਲੇਬਾਜ਼ ਕੁਇੰਟਨ ਡੀ ਕੌਕ ਅਤੇ ਤੇਜ਼ ਗੇਂਦਬਾਜ਼ ਆਲਰਾਊਂਡਰ ਰਾਜ ਅੰਗਦ ਬਾਵਾ ਸੱਟਾਂ ਕਾਰਨ ਵੀਰਵਾਰ ਨੂੰ ਇੰਡੀਅਨ ਪ੍ਰੀਮੀਅਰ ਲੀਗ ਦੇ ਬਾਕੀ ਸੀਜ਼ਨ ਤੋਂ ਬਾਹਰ ਹੋ ਗਏ।ਪਲੇਆਫ ਦੀ ਦੌੜ ਤੋਂ ਪਹਿਲਾਂ ਹੀ ਬਾਹਰ ਹੋ ਚੁੱਕੇ ਮੁੰਬਈ ਇੰਡੀਅਨਜ਼ ਦੇ ਦੋ ਹੋਰ ਮੈਚ ਖੇਡਣੇ ਹਨ। ਟੀਮ ਬੁੱਧਵਾਰ ਨੂੰ ਇੱਥੇ ਕੋਲਕਾਤਾ ਨਾਈਟ ਰਾਈਡਰਜ਼ ਅਤੇ ਐਤਵਾਰ ਨੂੰ ਰਾਜਸਥਾਨ ਰਾਇਲਜ਼ ਨਾਲ ਭਿੜੇਗੀ।ਡੀ ਕੌਕ ਦੇ ਖੱਬੇ ਗੁੱਟ 'ਤੇ ਸੱਟ ਲੱਗੀ ਹੈ। ਸਨਰਾਈਜ਼ਰਜ਼ ਹੈਦਰਾਬਾਦ ਵਿਰੁੱਧ ਮੁੰਬਈ ਇੰਡੀਅਨਜ਼ ਦੇ ਘਰੇਲੂ ਮੈਚ ਤੋਂ ਪਹਿਲਾਂ ਉਸਨੂੰ ਇਹ ਸੱਟ ਲੱਗੀ ਸੀ ।ਪੰਜਾਬ ਕਿੰਗਜ਼ ਵਿਰੁੱਧ ਟੀਮ ਦੇ ਪਿਛਲੇ ਮੈਚ ਦੌਰਾਨ ਬਾਵਾ ਦੇ ਸੱਜੇ ਅੰਗੂਠੇ 'ਤੇ ਸੱਟ ਲੱਗੀ ਸੀ।ਡੀ ਕੌਕ ਨੇ ਮੌਜੂਦਾ ਸੀਜ਼ਨ ਵਿੱਚ ਤਿੰਨ ਮੈਚ ਖੇਡੇ ਹਨ। ਉਸਨੇ 16 ਅਪ੍ਰੈਲ ਨੂੰ ਪੰਜਾਬ ਕਿੰਗਜ਼ ਵਿਰੁੱਧ ਸੀਜ਼ਨ ਦੇ ਆਪਣੇ ਪਹਿਲੇ ਮੈਚ ਵਿੱਚ ਅਜੇਤੂ 112 ਦੌੜਾਂ ਬਣਾਈਆਂ।ਉਸਨੇ ਆਪਣਾ ਆਖਰੀ ਮੈਚ 23 ਅਪ੍ਰੈਲ ਨੂੰ ਚੇਨਈ ਸੁਪਰ ਕਿੰਗਜ਼ ਵਿਰੁੱਧ ਖੇਡਿਆ। ਅਭਿਆਸ ਦੌਰਾਨ ਗੁੱਟ 'ਤੇ ਸੱਟ ਲੱਗਣ ਤੋਂ ਬਾਅਦ ਉਹ ਸਨਰਾਈਜ਼ਰਜ਼ ਹੈਦਰਾਬਾਦ ਵਿਰੁੱਧ ਮੈਚ ਤੋਂ ਬਾਹਰ ਹੋ ਗਿਆ।ਬਾਵਾ ਨੇ ਮੌਜੂਦਾ ਸੀਜ਼ਨ ਵਿੱਚ ਮੁੰਬਈ ਲਈ ਤਿੰਨ ਮੈਚ ਵੀ ਖੇਡੇ।ਮੁੰਬਈ ਇੰਡੀਅਨਜ਼ ਨੇ ਇੱਕ ਬਿਆਨ ਵਿੱਚ ਕਿਹਾ, "ਕਵਿੰਟਨ ਅਤੇ ਰਾਜ ਬਾਵਾ ਦੋਵੇਂ ਆਪਣੇ ਘਰਾਂ ਵਿੱਚ ਆਪਣਾ ਪੁਨਰਵਾਸ ਜਾਰੀ ਰੱਖਣਗੇ। ਉਨ੍ਹਾਂ ਨੂੰ ਮੁੰਬਈ ਇੰਡੀਅਨਜ਼ ਦੀ ਮੈਡੀਕਲ ਟੀਮ ਦਾ ਸਮਰਥਨ ਅਤੇ ਮਾਰਗਦਰਸ਼ਨ ਮਿਲੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਜਲਦੀ ਤੋਂ ਜਲਦੀ ਕਾਰਵਾਈ ਵਿੱਚ ਵਾਪਸ ਆਉਣ।" "ਮੁੰਬਈ ਇੰਡੀਅਨਜ਼ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹੈ ਅਤੇ ਆਈਪੀਐਲ ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਨ੍ਹਾਂ ਦੇ ਬਦਲ ਦਾ ਐਲਾਨ ਕੀਤਾ ਜਾਵੇਗਾ।"

## cee7news ਭਾਰਤੀ ਮੌਸਮ ਵਿਭਾਗ (IMD) ਵੱਲੋਂ ਉੱਤਰੀ ਅਤੇ ਮੱਧ ਭਾਰਤ ਵਿੱਚ ਲੂ (Heatwave) ਨੂੰ ਲੈ ਕੇ ਜਾਰੀ ਕੀਤੀ ਗਈ ਤਾਜ਼ਾ ਚੇਤਾਵਨੀ

# ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਵਿੱਚ ਮੰਗਲਵਾਰ ਦੀ ਸਵੇਰ ਤੋਂ ਹੀ ਤਾਪਮਾਨ ਆਮ ਨਾਲੋਂ ਕਾਫੀ ਜ਼ਿਆਦਾ

ਭਾਰਤੀ ਮੌਸਮ ਵਿਭਾਗ (IMD) ਵੱਲੋਂ ਉੱਤਰੀ ਅਤੇ ਮੱਧ ਭਾਰਤ ਵਿੱਚ ਲੂ (Heatwave) ਨੂੰ ਲੈ ਕੇ ਜਾਰੀ ਕੀਤੀ ਗਈ ਤਾਜ਼ਾ ਚੇਤਾਵਨੀ ਨੇ ਆਮ ਲੋਕਾਂ ਅਤੇ ਪ੍ਰਸ਼ਾਸਨ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਖਾਸ ਕਰਕੇ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਵਰਗੇ ਮੈਦਾਨੀ ਇਲਾਕਿਆਂ ਵਿੱਚ ਮੰਗਲਵਾਰ ਦੀ ਸਵੇਰ ਤੋਂ ਹੀ ਤਾਪਮਾਨ ਆਮ ਨਾਲੋਂ ਕਾਫੀ ਜ਼ਿਆਦਾ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਇਨ੍ਹਾਂ ਇਲਾਕਿਆਂ ਲਈ 'ਯੈਲੋ' ਅਲਰਟ ਜਾਰੀ ਕੀਤਾ ਹੈ, ਜਿਸ ਦਾ ਮਤਲਬ ਹੈ ਕਿ ਲੋਕਾਂ ਨੂੰ ਅਗਲੇ ਕੁਝ ਦਿਨਾਂ ਤੱਕ ਅੱਤ ਦੀ ਗਰਮੀ ਦਾ ਸਾਹਮਣਾ ਕਰਨ ਲਈ ਸਾਵਧਾਨ ਰਹਿਣ ਦੀ ਲੋੜ ਹੈ।ਗਰਮੀ ਅਤੇ ਤਾਪਮਾਨ ਦਾ ਮੌਜੂਦਾ ਹਾਲਮੌਸਮ ਵਿਭਾਗ ਦੇ ਅਨੁਮਾਨ ਅਨੁਸਾਰ, ਇਹ ਭਿਆਨਕ ਗਰਮੀ ਘੱਟੋ-ਘੱਟ 24-25 ਮਈ ਤੱਕ ਲਗਾਤਾਰ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਦੌਰਾਨ ਉੱਤਰੀ ਭਾਰਤ ਦੇ ਕਈ ਜ਼ਿਲ੍ਹਿਆਂ ਵਿੱਚ ਦਿਨ ਦਾ ਵੱਧ ਤੋਂ ਵੱਧ ਪਾਰਾ 42 ਡਿਗਰੀ ਸੈਲਸੀਅਸ ਤੋਂ ਲੈ ਕੇ 45 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਸਕਦਾ ਹੈ। ਰਾਜਧਾਨੀ ਦਿੱਲੀ ਵਿੱਚ ਸੋਮਵਾਰ ਨੂੰ ਇਸ ਸੀਜ਼ਨ ਦਾ ਸਭ ਤੋਂ ਗਰਮ ਦਿਨ ਦਰਜ ਕੀਤਾ ਗਿਆ, ਜਿੱਥੇ ਪਾਰਾ 43.4 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਅਤੇ ਕੁਝ ਸਥਾਨਕ ਇਲਾਕਿਆਂ ਵਿੱਚ ਇਹ 44 ਡਿਗਰੀ ਨੂੰ ਵੀ ਪਾਰ ਕਰ ਗਿਆ। ਪੰਜਾਬ ਦੇ ਬਠਿੰਡਾ ਵਰਗੇ ਕਈ ਸ਼ਹਿਰ ਅਤੇ ਹਰਿਆਣਾ ਦੇ ਕਈ ਹਿੱਸੇ ਇਸ ਸਮੇਂ ਭੱਠੀ ਵਾਂਗ ਤਪ ਰਹੇ ਹਨ।ਇਹ ਗਰਮੀ ਇਸ ਵਾਰ ਜ਼ਿਆਦਾ ਖ਼ਤਰਨਾਕ ਕਿਉਂ ਹੈ?ਮੌਸਮ ਮਾਹਿਰਾਂ ਅਨੁਸਾਰ, 25 ਮਈ ਤੱਕ ਚੱਲਣ ਵਾਲਾ ਗਰਮੀ ਦਾ ਇਹ ਦੌਰ ਆਮ ਨਾਲੋਂ ਕਿਤੇ ਵੱਧ ਖ਼ਤਰਨਾਕ ਅਤੇ ਚਿੰਤਾਜਨਕ ਹੈ। ਇਸ ਦੇ ਮੁੱਖ ਕਾਰਨ ਹੇਠ ਲਿਖੇ ਹਨ:"ਗਰਮ ਰਾਤਾਂ" (Warm Nights) ਦਾ ਕਹਿਰ: ਆਮ ਤੌਰ 'ਤੇ ਜਦੋਂ ਦਿਨ ਵੇਲੇ ਤੇਜ਼ ਧੁੱਪ ਹੁੰਦੀ ਹੈ, ਤਾਂ ਰਾਤ ਦੇ ਸਮੇਂ ਤਾਪਮਾਨ ਡਿੱਗਣ ਨਾਲ ਸਰੀਰ ਨੂੰ ਥੋੜ੍ਹੀ ਰਾਹਤ ਮਿਲਦੀ ਹੈ। ਪਰ ਇਸ ਵਾਰ ਰਾਤਾਂ ਦੇ ਤਾਪਮਾਨ ਵਿੱਚ ਵੀ ਲੋੜੀਂਦੀ ਗਿਰਾਵਟ ਨਹੀਂ ਆ ਰਹੀ। ਰਾਤਾਂ ਗਰਮ ਰਹਿਣ ਕਾਰਨ ਮਨੁੱਖੀ ਸਰੀਰ ਨੂੰ ਠੰਢਕ ਨਹੀਂ ਮਿਲ ਪਾਉਂਦੀ, ਜਿਸ ਨਾਲ ਥਕਾਵਟ, ਸਰੀਰ ਵਿੱਚ ਪਾਣੀ ਦੀ ਕਮੀ (ਡੀਹਾਈਡ੍ਰੇਸ਼ਨ) ਅਤੇ ਹੀਟਸਟ੍ਰੋਕ (ਲੂ ਲੱਗਣ) ਦਾ ਖ਼ਤਰਾ ਕਈ ਗੁਣਾ ਵਧ ਜਾਂਦਾ ਹੈ।ਪ੍ਰੀ-ਮਾਨਸੂਨ ਗਤੀਵਿਧੀਆਂ ਦਾ ਅਚਾਨਕ ਖ਼ਤਮ ਹੋਣਾ: ਉੱਤਰ-ਪੱਛਮੀ ਭਾਰਤ ਵਿੱਚ ਆਮ ਤੌਰ 'ਤੇ ਮਈ ਮਹੀਨੇ ਦੌਰਾਨ ਆਉਣ ਵਾਲੇ ਪ੍ਰੀ-ਮਾਨਸੂਨ ਤੂਫ਼ਾਨ ਜਾਂ ਹਲਕੇ ਮੀਂਹ ਦਾ ਦੌਰ ਅਚਾਨਕ ਬੰਦ ਹੋ ਗਿਆ ਹੈ। ਇਸ ਕਾਰਨ ਅਸਮਾਨ ਬਿਲਕੁਲ ਸਾਫ਼ ਹੋ ਚੁੱਕਾ ਹੈ ਅਤੇ ਸੂਰਜ ਦੀਆਂ ਸਿੱਧੀਆਂ ਅਤੇ ਤਿੱਖੀਆਂ ਕਿਰਨਾਂ ਸਿੱਧੀਆਂ ਧਰਤੀ 'ਤੇ ਪੈ ਰਹੀਆਂ ਹਨ।ਸੁੱਕੀਆਂ ਪੱਛਮੀ-ਉੱਤਰੀ ਹਵਾਵਾਂ: ਖੇਤਰ ਵਿੱਚ ਚੱਲ ਰਹੀਆਂ ਸੁੱਕੀਆਂ ਅਤੇ ਤੱਤੀਆਂ ਪੱਛਮੀ-ਉੱਤਰੀ ਹਵਾਵਾਂ (ਜਿਨ੍ਹਾਂ ਨੂੰ ਸਥਾਨਕ ਭਾਸ਼ਾ ਵਿੱਚ 'ਲੂ' ਕਿਹਾ ਜਾਂਦਾ ਹੈ)



ਮੈਦਾਨੀ ਇਲਾਕਿਆਂ ਦੀ ਨਮੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਰਹੀਆਂ ਹਨ, ਜਿਸ ਨਾਲ ਤਪਸ਼ ਹੋਰ ਵੀ ਵਧ ਰਹੀ ਹੈ। ਮੌਸਮ ਵਿਭਾਗ ਨੇ ਸਾਫ਼ ਕੀਤਾ ਹੈ ਕਿ ਅਗਲੇ ਇੱਕ ਹਫ਼ਤੇ ਤੱਕ ਪੰਜਾਬ, ਹਰਿਆਣਾ ਅਤੇ ਦਿੱਲੀ ਵਿੱਚ ਮੀਂਹ ਜਾਂ ਗਰਜ-ਚਮਕ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਲੰਬੇ ਅਤੇ ਖ਼ਤਰਨਾਕ ਸੁੱਕੇ ਮੌਸਮ ਦਾ ਸਭ ਤੋਂ ਵੱਧ ਪ੍ਰਭਾਵ ਸਮਾਜ ਦੇ ਕਮਜ਼ੋਰ ਵਰਗਾਂ ਜਿਵੇਂ ਕਿ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਖੇਤਾਂ ਜਾਂ ਸੜਕਾਂ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ 'ਤੇ ਪੈ ਰਿਹਾ ਹੈ। ਸਿਹਤ ਵਿਭਾਗ ਨੇ ਲੋਕਾਂ ਲਈ ਵਿਸ਼ੇਸ਼ ਐਡਵਾਇਜ਼ਰੀ ਜਾਰੀ ਕੀਤੀ ਹੈ। ਪ੍ਰਸ਼ਾਸਨ ਨੇ ਅਪੀਲ ਕੀਤੀ ਹੈ ਕਿ ਲੋਕ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਦੇ ਵਿਚਕਾਰ, ਜਦੋਂ ਗਰਮੀ ਆਪਣੇ ਸਿਖਰ 'ਤੇ ਹੁੰਦੀ ਹੈ, ਸਿੱਧੀ ਧੁੱਪ ਵਿੱਚ ਬਾਹਰ ਨਿਕਲਣ ਤੋਂ ਬਚਣ। ਇਸ ਤੋਂ ਇਲਾਵਾ, ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦੇਣ ਲਈ ਵੱਧ ਤੋਂ ਵੱਧ ਪਾਣੀ, ਲੱਸੀ, ਜਾਂ ਓ.ਆਰ.ਐੱਸ. (ORS) ਦੇ ਘੋਲ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਗਈ ਹੈ। ਬਾਹਰ ਨਿਕਲਦੇ ਸਮੇਂ ਚਿਹਰੇ ਅਤੇ ਸਿਰ ਨੂੰ ਕੱਪੜੇ ਨਾਲ ਢੱਕਣਾ ਬਹੁਤ ਜ਼ਰੂਰੀ ਹੈ।ਮੌਸਮ ਵਿਭਾਗ ਅਨੁਸਾਰ, ਇਸ ਪੂਰੇ ਹਫ਼ਤੇ ਦੌਰਾਨ ਉੱਤਰ-ਪੱਛਮੀ ਅਤੇ ਮੱਧ ਭਾਰਤ ਵਿੱਚ ਲੂ ਤੋਂ ਲੈ ਕੇ 'ਭਿਆਨਕ ਲੂ' (Severe Heatwave) ਦੀ ਸਥਿਤੀ ਬਣੀ ਰਹਿ ਸਕਦੀ ਹੈ। ਉੱਤਰ ਪ੍ਰਦੇਸ਼ (UP) ਦੇ ਕਈ ਹਿੱਸਿਆਂ ਵਿੱਚ ਗਰਮੀ ਦਾ ਸਭ ਤੋਂ ਤਿੱਖਾ ਰੂਪ ਦੇਖਣ ਨੂੰ ਮਿਲ ਸਕਦਾ ਹੈ। ਹਾਲਾਂਕਿ ਇਸ ਹਫ਼ਤੇ ਦੇ ਅਖੀਰ ਤੱਕ ਪਹਾੜੀ ਇਲਾਕਿਆਂ ਜਿਵੇਂ ਕਿ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਹਲਕੀ ਬਾਰਸ਼ ਹੋ ਸਕਦੀ ਹੈ, ਪਰ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੇ ਮੈਦਾਨੀ ਇਲਾਕਿਆਂ ਨੂੰ ਫਿਲਹਾਲ ਕੋਈ ਤੁਰੰਤ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ।

## ਪੰਜਾਬੀ ਗਾਇਕਾ ਇੰਦਰ ਕੌਰ ਉਰਫ਼ ਯਸ਼ਿੰਦਰ ਕੌਰ (29) ਦਾ ਲੁਧਿਆਣਾ ਵਿੱਚ ਕਤਲ



ਪੰਜਾਬੀ ਗਾਇਕਾ ਇੰਦਰ ਕੌਰ ਉਰਫ਼ ਯਸ਼ਿੰਦਰ ਕੌਰ (29) ਦਾ ਲੁਧਿਆਣਾ ਵਿੱਚ ਕਤਲ ਕਰ ਦਿੱਤਾ ਗਿਆ। ਅੱਜ ਸਵੇਰੇ 11 ਵਜੇ ਉਸਦੀ ਲਾਸ਼ ਨੀਲੋ ਨਹਿਰ ਵਿੱਚੋਂ ਮਿਲੀ। ਇੰਦਰ ਨੂੰ ਛੇ ਦਿਨ ਪਹਿਲਾਂ ਬੰਦੂਕ ਦੀ ਨੋਕ 'ਤੇ ਅਗਵਾ ਕਰ ਲਿਆ ਗਿਆ ਸੀ, ਜਿਸ ਤੋਂ ਬਾਅਦ ਪਰਿਵਾਰ ਲਗਾਤਾਰ ਉਸਦੀ ਭਾਲ ਕਰ ਰਿਹਾ ਸੀ।ਪਰਿਵਾਰ ਨੇ ਕਿਹਾ ਕਿ ਮੋਗਾ ਦਾ ਇੱਕ ਵਿਅਕਤੀ ਉਸ 'ਤੇ ਵਿਆਹ ਕਰਨ ਲਈ ਦਬਾਅ ਪਾ ਰਿਹਾ ਸੀ। ਜਦੋਂ ਉਸਨੇ ਇਨਕਾਰ ਕਰ ਦਿੱਤਾ ਤਾਂ ਉਸਨੇ ਉਸਨੂੰ ਅਗਵਾ ਕਰ ਲਿਆ। ਉਸਨੂੰ ਮਾਰਨ ਤੋਂ ਬਾਅਦ, ਉਹ ਕੈਨੇਡਾ ਭੱਜ ਗਿਆ।ਉਹ ਕਤਲ ਕਰਨ ਲਈ ਹੀ ਕੈਨੇਡਾ ਤੋਂ ਪੰਜਾਬ ਆਇਆ ਸੀ। ਫਿਲਹਾਲ, ਪੁਲਿਸ ਨੇ ਮ੍ਰਿਤਕਾ ਦੀ ਲਾਸ਼ ਨਹਿਰ ਵਿੱਚੋਂ ਬਰਾਮਦ ਕਰ ਲਈ ਹੈ ਅਤੇ ਪੋਸਟਮਾਰਟਮ ਲਈ ਸਮਰਾਲਾ ਦੇ ਸਿਵਲ ਹਸਪਤਾਲ ਭੇਜ ਦਿੱਤੀ ਹੈ।

ਉਹ ਪਰਿਵਾਰ ਲਈ ਕਰਿਆਨੇ ਦਾ ਸਮਾਨ ਖਰੀਦਣ ਲਈ ਬਾਜ਼ਾਰ ਗਈ ਸੀ।ਗਾਇਕਾ ਦੇ ਭਰਾ ਜੋਤਿੰਦਰ ਸਿੰਘ ਨੇ ਦੱਸਿਆ ਕਿ ਇੰਦਰ ਕੌਰ 13 ਮਈ ਨੂੰ ਸ਼ਾਮ 6:30 ਵਜੇ ਆਪਣੀ ਚਿੱਟੀ ਫੋਰਡ ਫਿਗੋ ਕਾਰ ਪਰਿਵਾਰ ਲਈ ਕਰਿਆਨੇ ਦਾ ਸਮਾਨ ਖਰੀਦ ਲਈ ਛੱਡ ਗਈ ਸੀ, ਪਰ ਉਹ ਘਰ ਵਾਪਸ ਨਹੀਂ ਆਈ। ਜਦੋਂ ਉਹ ਵਾਪਸ ਨਹੀਂ ਆਈ ਤਾਂ ਪਰਿਵਾਰ ਨੇ ਖੁਦ ਉਸਦੀ ਭਾਲ ਸ਼ੁਰੂ ਕਰ ਦਿੱਤੀ ।ਜਾਂਚ ਦੌਰਾਨ, ਉਨ੍ਹਾਂ ਨੂੰ ਪਤਾ ਲੱਗਾ ਕਿ ਯਸ਼ਿੰਦਰ ਦੀ ਦੋਸਤੀ ਖਵਿੰਦਰ ਸਿੰਘ ਉਰਫ ਸੁੱਖਾ ਨਾਮਕ ਵਿਅਕਤੀ ਨਾਲ ਸੀ, ਜੋ ਮੂਲ ਰੂਪ ਵਿੱਚ ਮੋਗਾ ਦਾ ਰਹਿਣ ਵਾਲਾ ਸੀ ਪਰ ਇਸ ਸਮੇਂ ਆਪਣੇ ਪਰਿਵਾਰ ਨਾਲ ਕੈਨੇਡਾ ਵਿੱਚ ਰਹਿ ਰਿਹਾ ਸੀ। 13 ਮਈ ਦੀ ਰਾਤ ਨੂੰ, ਸੁਖਵਿੰਦਰ ਸਿੰਘ ਉਰਫ ਸੁੱਖਾ, ਉਸਦੇ ਪਿਤਾ ਪ੍ਰੀਤਮ ਸਿੰਘ, ਉਸਦੇ ਦੋਸਤ ਕਰਮਜੀਤ ਸਿੰਘ ਅਤੇ ਕੁਝ ਹੋਰ ਅਣਪਛਾਤੇ ਸਾਥੀਆਂ ਨੇ ਯਸ਼ਿੰਦਰ ਕੌਰ ਨੂੰ ਮਾਰਨ ਦੇ ਇਰਾਦੇ ਨਾਲ ਬੰਦੂਕ ਦੀ ਨੋਕ 'ਤੇ ਅਗਵਾ ਕਰ ਲਿਆ।



ਪੰਜਾਬ ਭਰ ਦੇ ਸਿਹਤ ਖੇਤਰ ਅਤੇ ਆਮ ਜਨਜੀਵਨ ਵਿੱਚ ਉਸ ਸਮੇਂ ਇੱਕ ਵੱਡੀ ਹਲਚਲ

# ਪੰਜਾਬ ਵਿੱਚ 27 ਹਜ਼ਾਰ ਮੈਡੀਕਲ ਸਟੋਰਾਂ ਦੀ ਹੜਤਾਲ


ਪੰਜਾਬ ਭਰ ਦੇ ਸਿਹਤ ਖੇਤਰ ਅਤੇ ਆਮ ਜਨਜੀਵਨ ਵਿੱਚ ਉਸ ਸਮੇਂ ਇੱਕ ਵੱਡੀ ਹਲਚਲ ਦੇਖਣ ਨੂੰ ਮਿਲੀ ਜਦੋਂ ਸੂਬੇ ਦੇ ਤਕਰੀਬਨ 27,000 ਰਿਟੇਲ ਅਤੇ ਹੋਲਸੇਲ ਕੈਮਿਸਟਾਂ ਨੇ ਆਪਣੀਆਂ ਦੁਕਾਨਾਂ ਮੁਕੰਮਲ ਤੌਰ 'ਤੇ ਬੰਦ ਰੱਖਣ ਦਾ ਫੈਸਲਾ ਕੀਤਾ। ਇਹ ਫੈਸਲਾ 'ਆਲ ਇੰਡੀਆ ਆਰਗੇਨਾਈਜ਼ੇਸ਼ਨ ਆਫ਼ ਕੈਮਿਸਟਸ ਐਂਡ ਡਰੱਗਿਸਟਸ' (AIOCD) ਵੱਲੋਂ ਸੱਦੀ ਗਈ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਲਿਆ ਗਿਆ ਹੈ। ਬੁੱਧਵਾਰ ਰਾਤ 12 ਵਜੇ ਤੋਂ ਸ਼ੁਰੂ ਹੋ ਕੇ ਵੀਰਵਾਰ ਰਾਤ 12 ਵਜੇ ਤੱਕ ਚੱਲਣ ਵਾਲੀ ਇਸ 24 ਘੰਟੇ ਦੀ ਹੜਤਾਲ ਕਾਰਨ ਸੂਬੇ ਭਰ ਵਿੱਚ ਰੋਜ਼ਾਨਾ ਅਤੇ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦਾ ਖਦਸ਼ਾ ਜਤਾਇਆ ਗਿਆ ਹੈ।

ਕੈਮਿਸਟਾਂ ਦੇ ਇਸ ਤਿੱਖੇ ਵਿਰੋਧ ਪ੍ਰਦਰਸ਼ਨ ਦਾ ਮੁੱਖ ਕਾਰਨ ਦਵਾਈਆਂ ਦੀ ਲਗਾਤਾਰ ਵਧ ਰਹੀ ਆਨਲਾਈਨ ਵਿਕਰੀ ਅਤੇ ਵੱਡੇ ਈ-ਫਾਰਮੇਸੀ ਪਲੇਟਫਾਰਮਾਂ ਵੱਲੋਂ ਦਿੱਤੀ ਜਾ ਰਹੀ ਭਾਰੀ ਛੋਟ (Discounts) ਹੈ। ਸਥਾਨਕ ਕੈਮਿਸਟਾਂ ਅਤੇ ਫਾਰਮੇਸੀ ਮਾਲਕਾਂ ਦਾ ਦਾਅਵਾ ਹੈ ਕਿ ਇਹ ਕਾਰਪੋਰੇਟ ਆਨਲਾਈਨ ਕੰਪਨੀਆਂ ਮਾਰਕੀਟ ਦੀਆਂ ਕੀਮਤਾਂ ਨੂੰ ਇੰਨਾ ਘਟਾ ਕੇ ਪੇਸ਼ ਕਰਦੀਆਂ ਹਨ ਕਿ ਛੋਟੇ ਅਤੇ ਰਵਾਇਤੀ ਦੁਕਾਨਦਾਰ ਉਨ੍ਹਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਰਹੇ। ਇਸ ਅਸੰਤੁਲਿਤ ਮੁਕਾਬਲੇ ਕਾਰਨ ਹਜ਼ਾਰਾਂ ਸਥਾਨਕ ਕੈਮਿਸਟਾਂ ਦੀ ਰੋਜ਼ੀ-ਰੋਟੀ ਖਤਰੇ ਵਿੱਚ ਪੈ ਗਈ ਹੈ, ਜਿਸ ਕਾਰਨ ਉਹ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਏ ਹਨ। ਸਿਹਤ ਸੁਰੱਖਿਆ ਅਤੇ ਨਸ਼ਿਆਂ ਦੀ ਦੁਰਵਰਤੋਂ 'ਤੇ ਚਿੰਤਾ (Health & Safety Concerns):

ਸਿਰਫ਼ ਆਰਥਿਕ ਨੁਕਸਾਨ ਹੀ ਨਹੀਂ, ਬਲਕਿ ਪ੍ਰਦਰਸ਼ਨਕਾਰੀ ਕੈਮਿਸਟਾਂ ਨੇ ਜਨਤਕ ਸਿਹਤ ਨਾਲ ਜੁੜੀਆਂ ਗੰਭੀਰ ਚਿੰਤਾਵਾਂ ਵੀ ਉਠਾਈਆਂ ਹਨ। ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਆਗੂਆਂ ਅਨੁਸਾਰ, ਆਨਲਾਈਨ ਪਲੇਟਫਾਰਮਾਂ 'ਤੇ ਬਿਨਾਂ ਕਿਸੇ ਸਖ਼ਤ ਡਾਕਟਰੀ ਨੁਸਖ਼ੇ (Prescription Verification) ਦੇ ਕਈ ਤਰ੍ਹਾਂ ਦੀਆਂ ਦਵਾਈਆਂ ਆਸਾਨੀ ਨਾਲ ਵੇਚੀਆਂ ਜਾ ਰਹੀਆਂ ਹਨ। ਇਸ ਲਾਪ੍ਰਵਾਹੀ ਕਾਰਨ ਸਮਾਜ ਵਿੱਚ 'ਸੈਲਫ ਮੈਡੀਕੇਸ਼ਨ' (ਆਪਣੇ ਆਪ ਦਵਾਈ ਲੈਣਾ) ਅਤੇ ਨਸ਼ੀਲੀਆਂ ਜਾਂ ਪ੍ਰਤੀਬੰਧਿਤ ਦਵਾਈਆਂ ਦੀ ਦੁਰਵਰਤੋਂ ਦਾ ਖ਼ਤਰਾ ਬਹੁਤ ਜ਼ਿਆਦਾ ਵਧ ਗਿਆ ਹੈ। ਇਸ ਤੋਂ ਇਲਾਵਾ, ਬਿਨਾਂ ਕਿਸੇ ਠੋਸ ਜਾਂਚ-ਪੜਤਾਲ ਦੇ ਨਕਲੀ, ਘਟੀਆ ਅਤੇ ਗੈਰ-ਮਿਆਰੀ ਦਵਾਈਆਂ ਦੇ ਬਾਜ਼ਾਰ ਵਿੱਚ ਆਉਣ ਦਾ ਖ਼ਦਸ਼ਾ ਵੀ ਬਣਿਆ ਰਹਿੰਦਾ ਹੈ, ਜੋ ਮਰੀਜ਼ਾਂ ਦੀ ਜਾਨ ਲਈ ਘਾਤਕ ਸਿੱਧ ਹੋ ਸਕਦਾ ਹੈ।ਪ੍ਰਸ਼ਾਸਨਿਕ ਮੁੱਦੇ ਅਤੇ ਸਰਟੀਫਿਕੇਟਾਂ ਦੀ ਵੈਰੀਫਿਕੇਸ਼ਨ (Administrative Grievances):

ਇਸ ਹੜਤਾਲ ਦਾ ਇੱਕ ਹੋਰ ਅਹਿਮ ਪ੍ਰਸ਼ਾਸਨਿਕ ਪਹਿਲੂ ਪੰਜਾਬ ਫਾਰਮੇਸੀ ਕੌਂਸਲ ਦੀਆਂ ਨੀਤੀਆਂ ਨਾਲ ਜੁੜਿਆ ਹੋਇਆ ਹੈ। ਕੈਮਿਸਟਾਂ ਵਿੱਚ ਇਸ ਗੱਲ ਨੂੰ ਲੈ ਕੇ ਕਾਫੀ ਰੋਸ ਹੈ

## ਇਹੋ ਜਿਹਾ ਸੀ ਸਾਡਾ ਬਚਪਨ



ਤੂਤੀਆਂ ਲਸੂੜੀਆਂ ਤੇ ਪੀਲਾਂ ਅਸੀਂ ਖਾਂਦੇ ਸਾਂ,
ਕਿਉਂਕਿ ਸਾਰੇ ਹੀ ਛੋਟੇ ਓਦੋਂ ਅਸੀਂ ਬੱਚੇ ਸੀ।
ਸਿਆਣਿਆਂ ਦੀਆਂ ਗੱਲਾਂ ਓਦੋਂ ਧਿਆਨ ਨਾਲ ਸੁਣੀਆਂ ਨਾ,
ਬੱਚੇ ਅਸੀਂ ਓਦੋਂ ਸਾਰੇ ਦਿਲਾਂ ਦੇ ਵੀ ਸੱਚੇ ਸੀ।
ਘਰਾਂ ਵਿੱਚ ਹੁੰਦੀ ਨਹੀਂ ਲੜਾਈ ਅਸੀਂ ਕਦੇ ਵੇਖੀ,
ਉਮਰਾਂ ਨਾਦਾਨ ਸਾਰੇ ਅਸੀਂ ਇਸ ਗੱਲੋਂ ਕੱਚੇ ਸੀ।
ਛਾਲਾਂ ਮਾਰ ਛੱਪੜਾਂ ਤੇ ਨਹਿਰਾਂ ਵਿੱਚ ਨਹਾ ਲੈਣਾ,
ਜਾਂ ਫਿਰ ਖੂਹਾਂ ਅੱਗੇ ਬਣੇ ਹੁੰਦੇ ਜੋ ਚੁਬੱਚੇ ਸੀ।
ਫੱਟੀ ਕੈਦਾ ਸਲੇਟ ਸ਼ਾਹੀ ਪਾ ਲੈਣੀ ਬੋਰੀ ਵਾਲੇ ਬਸਤੇ ਚ,
ਪੜ੍ਹਨੇ ਲਈ ਸਕੂਲ ਜਦੋਂ ਵੀ ਅਸੀਂ ਜਾਂਦੇ ਸਾਂ।
ਮੱਝਾਂ ਨੂੰ ਨਹਾਉਣਾ ਅਤੇ ਪਿਆਉਣਾ ਅਸੀਂ ਛੱਪੜਾਂ ਚੋਂ,
ਜਦੋਂ ਅਸੀਂ ਪੜ੍ਹ ਕੇ ਸਕੂਲ ਵਿੱਚੋਂ ਆਂਦੇ ਸਾਂ।
ਆਥਣ ਦੇ ਵੇਲੇ ਦਾਣੇ ਭੱਠੀ ਤੋਂ ਭੁਲਾਉਣੇ ਰੋਜ਼, ਆਉਂਦੇ ਸੀ ਭੁਨਾ ਕੇ ਜਦੋਂ ਜੇਬਾਂ ਵਿੱਚ ਪਾਂਦੇ ਸਾਂ।
ਬੀਤਿਆ ਬਚਪਨ ਮੈਨੂੰ ਚੇਤੇ ਅੱਜ ਆ ਗਿਆ ਏ,
ਹਕੀਕੀ ਇਹੇ ਗੱਲਾਂ ਸੱਭ ਝੂਠ ਨਹੀਓਂ ਰਾਈ ਜੀ।
ਕੋਈ ਨਹੀਂ ਲੁਕੋ ਕੇ ਰੱਖੀ ਪਿੰਡੇ ਤੇ ਹੰਡਾਈਆਂ ਸੱਭ,
ਦੱਦਾਹੂਰੀਏ ਨੇ ਸੱਚੀ ਗੱਲ ਦਿਲੋਂ ਹੈ ਸੁਣਾਈ ਜੀ।

ਜਸਵੀਰ ਸ਼ਰਮਾਂ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਜ਼ਿੰਦਗੀ ਬਾਦਲਾਂ ਵਾਲੇ ਅਣਮੁੱਲੇ ਵਿਚਾਰ



**ਰੁੱਖ...**

ਰੁੱਖਾਂ ਤੋਂ ਸਿੱਖੀਏ , ਵੰਡਣਾ। ਰੁੱਖ ਦਿੰਦੇ ਨੇ ਹਵਾ, ਫ਼ਲ, ਫ਼ੁੱਲ, ਪੱਤੀਆਂ, ਲੱਕੜੀ, ਛਾਂ ਤੇ ਸੁੰਦਰ ਨਜ਼ਾਰੇ। ਬਿਨਾਂ ਸ਼ਰਤ। ਮੀਂਹ ਲਿਆਉਂਦੇ ਨੇ। ਸਾਡੀ ਦੁਨੀਆਂ ਵਸਾਉਂਦੇ ਨੇ। ਹਮੇਸ਼ਾ ਰਹਿੰਦੇ ਨੇ ਖ਼ੁੱਸ਼॥ ਇੱਕ ਰੁੱਖ ਸੌ ਸੁੱਖ। ਰੁੱਖ ਲਾਉਣ ਦਾ ਸ਼ੌਂਕ ਪਾਲਣ ਵਾਲੇ ਅਕਸਰ ਜ਼ਿੰਦਗੀ 'ਚ ਠੰਡੀਆਂ ਛਾਵਾਂ ਮਾਣਦੇ ਨੇ॥ ਰੁੱਖਾਂ 'ਚੋਂ ਰਿਸ਼ਤਿਆਂ ਦਾ ਨਿੱਘ ਮਿਲਦੈ। ਰੁੱਖਾਂ ਨਾਲ ਯਾਰੀ ਲਾ ਕੇ ਦੇਖੋ। ਵਕਤ ਤੀਆਂ ਵਾਂਗ ਲੰਘਣ ਲੱਗੇਗਾ॥

**ਛਾਵਾਂ...**


ਬਜ਼ੁਰਗਾਂ ਦੇ ਆਸ਼ੀਰਵਾਦ ਦੀਆਂ ਛਾਵਾਂ ਦਾ ਨਿੱਘ ਉਨਾਂ ਨਾਲ ਬਿਤਾਏ ਪਲਾਂ 'ਚੋਂ ਲੱਭਦੈ। ਫੋਕੀਆਂ ਗੱਲਾਂ ਨੇ ਤਾਂ ਨਫ਼ਰਤ ਹੀ ਉਗਲ਼ਨੀ ਹੈ॥ ਹੱਥੀਂ ਛਾਵਾਂ ਕਰਨ ਲੱਗ ਪਵੋ ਤਾਂ ਪਸ਼ੂ ਪੰਛੀ ਵੀ ਇਸ਼ਾਰਿਆਂ 'ਤੇ ਨੱਚਣ ਲੱਗ ਪੈਂਦੇ ਨੇ॥ ਤਪਦੀਆਂ ਲੋਆਂ 'ਚ ਠੰਡੀਆਂ ਛਾਵਾਂ ਦਾ ਆਨੰਦ ਲਗਾਤਾਰ ਮਾਨਣੈ ਤਾਂ ਹੱਥੀ ਰੁੱਖ ਲਗਾਓ। ਪਾਲਣਾ ਕਰਦੇ ਜਾਓ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

## ਬੰਦ ਘਰਾਂ ਦੇ ਵਾਸੀ ਦੀਆਂ ਭਾਵਨਾਵਾਂ ਸਿਰਜਦੀ ਪੁਸਤਕ"

**ਸਾਹਿਤ** ਪੁਸਤਕ ਦਾ ਨਾਂ - ਬੰਦ ਘਰਾਂ ਦੇ ਵਾਸੀ
ਕਵੀ - ਹਰੀਪਾਲ
ਕਰੀਬ ਪੰਨੇ - 77 ਕੀਮਤ - 80/- ਰੁਪਏ
ਪ੍ਰਕਾਸ਼ਕ - ਚੇਤਨਾ ਪ੍ਰਕਾਸ਼ਨ, ਲੁਧਿਆਣਾ।
ਰਿਵਿਊਕਾਰ - ਤੇਜਿੰਦਰ ਚੰਡਿਹੋਕ






ਕਵਿਤਾ ਇਕ ਕੋਮਲਭਾਵੀ ਵਿਧਾ ਹੈ ਅਤੇ ਇਸ ਵਿਧਾ ਰਾਹੀਂ ਪ੍ਰਗਟ ਕੀਤੇ ਗਏ ਭਾਵ ਵੀ ਕੋਮਲ ਹੁੰਦੇ ਹਨ ਜਿਹੜੇ ਕਿਸੇ ਤਰ੍ਹਾਂ ਦੀ ਠੇਸ ਨਾਲ ਟੁੱਟ ਕੇ ਬਿਖਰ ਜਾਂਦੇ ਹਨ। ਸਾਡਾ ਸ਼ਾਇਰ ਹਰੀਪਾਲ ਵੀ ਸੂਖਮ ਵਿਚਾਰਾਂ ਦਾ ਧਾਰਨੀ ਹੈ ਜਿਹੜਾ ਅੱਜਕਲ ਕੈਨੇਡਾ ਦੀ ਧਰਤੀ ਤੇ ਰਹਿੰਦਾ ਹੈ ਅਤੇ ਉਸ ਦੇ ਮਨ ਨੂੰ ਉਥੋਂ ਦੇ ਵਾਤਾਵਰਨ ਨੇ ਕਾਵਿ ਵਿਧਾ ਵੱਲ ਤੋਰਿਆ ਹੈ। ਹਥਲੀ ਪੁਸਤਕ ਹਰੀਪਾਲ ਦਾ ਕਾਵਿ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਕਰੀਬ ਚੌਂਤੀ ਕਵਿਤਾਵਾਂ ਸ਼ੁਮਾਰ ਕੀਤੀਆਂ ਹਨ ਅਤੇ ਆਪਣੇ ਸਵਰਗੀ ਪਿਤਾ ਗੁਰਮੇਲ ਸਿੰਘ ਹੁਰਾਂ ਨੂੰ ਸਮਰਪਿਤ ਕੀਤੀ ਹੈ।

ਪਿੱਛੇ ਜਿਹੇ ਉਹ ਦੇਸ਼ ਆਇਆ ਤਾਂ ਆਪਣੇ ਹਥਲੇ ਕਾਵਿ ਸੰਗ੍ਰਹਿ ਨਾਲ ਕੈਨੇਡਾ ਦੇ ਹੋਰ ਲੇਖਕਾਂ ਦੀਆਂ ਪੁਸਤਕਾਂ ਪੜਚੋਲ ਕਰਨ ਲਈ ਦਿੱਤੀਆਂ। ਉਸ ਦੇ ਇਸ ਕਾਵਿ ਸੰਗ੍ਰਹਿ ਬੰਦ ਘਰਾਂ ਦੇ ਵਾਸੀ ਦੇ ਅਧਿਐਨ ਕਰਨ ਤੋਂ ਉਸ ਦੀ ਸੋਚ ਅਤੇ ਭਾਵਨਾ ਦਾ ਗਿਆਨ ਹੁੰਦਾ ਹੈ। ਇਸ ਦੀ ਕਵਿਤਾ ਵਿਚ ਅੱਜ ਦੇ ਮਸ਼ੀਨੀ ਯੁੱਗ, ਇਕੱਲਤਾ, ਮਾਂ ਬੋਲੀ, ਮੁਹੱਬਤਾਂ ਅਤੇ ਯਾਦਾਂ ਆਦਿ ਅਨੇਕ ਭਾਵਨਾਵਾਂ ਉਜਾਗਰ ਹੁੰਦੀਆਂ ਹਨ। ਬੰਦ ਘਰਾਂ ਦੇ ਵਾਸੀ ਪੁਸਤਕ ਵਿਚ ਸਤਵੀਂ ਕਵਿਤਾ ਹੈ ਜਿਸ ਉਸ ਨੇ ਵਿਦੇਸ਼ੀ ਜਨ ਜੀਵਨ ਦੀ ਬਾਤ ਪਾਈ ਹੈ ਕਿ ਜਦੋਂ ਲੋਕੀ ਘਰਾਂ ਵਿੱਚ ਹੁੰਦੇ ਹਨ ਤਾਂ ਘਰਾਂ ਨੂੰ ਅੰਦਰੋਂ ਜਿੰਦੇ ਤੇ ਜਦੋਂ ਬਾਹਰ ਹੋਣ ਤਾਂ ਬਾਹਰੋਂ ਜਿੰਦੇ ਲਗੇ ਹੁੰਦੇ ਹਨ। ਉਹਨਾਂ ਦਾ ਕਿਸੇ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਫਿਰ ਉਥੋਂ ਦੇ ਕੰਮ ਲੱਭਣ ਦੀ ਸੋਚ, ਪ੍ਰਸ਼ਾਸਨਿਕ ਕਾਨੂੰਨ, ਜ਼ਿੰਦਗੀ ਦੀਆਂ ਕੀਮਤਾਂ ਉਤਰਦੇ ਅੱਗੇ ਤੁਰ ਜਾਂਦੇ ਹਨ। ਬਿਗਾਨੇ ਦੇਸ਼ ਵਾਸੀਆਂ ਵੱਲੋਂ ਉਹਨਾਂ ਨੂੰ " ਹਿੰਡੂਜ " ਆਖਣਾ ਜਿਵੇਂ ਅਸੀਂ ਅਤੇ ਭਾਈਆਂ ਨੂੰ ਭਾਈਆ ਆਖਦੇ ਹਾਂ, ਇਕੋ ਵਰਤਾਰਾ ਹੈ।

ਪਾਰਕ ਵਿੱਚ ਬੈਠਾ ਤਾਇਆ ਨਿਹਾਲਾ ਕਵਿਤਾ ਦੇਸ਼ ਵਿੱਚੋਂ ਪ੍ਰਦੇਸ਼ ਗਏ ਬਜ਼ੁਰਗਾਂ ਦੀ ਸੋਚ ਦਾ ਪ੍ਰਗਟਾਵਾ ਕਰਦੀ ਹੈ। ਕਵਿਤਾ ਦਾ ਬੰਦ ਹੈ -

" ਤਾਇਆ ਨਿਹਾਲਾ
ਪਾਰਕ ਵਿਚ ਬਹਿੰਦਾ ਹੈ
ਕੁਝ ਨਹੀਂ ਬੋਲਦਾ
ਪਰ ਸੋਚਦਾ ਹੀ ਰਹਿੰਦਾ ਹੈ
ਸੋਚਦਾ ਹੀ ਰਹਿੰਦਾ ਹੈ। " (ਪੰਨਾ 28)

ਇਸੇ ਸੰਧਰਭ ਵਿਚ ਅਗਲੀ ਕਵਿਤਾ ਕੈਦ ਸੋਚਾਂ, ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਨਾ ਇੱਥੇ ਪੇਕੇ ਹਨ ਨਾ ਸਹੁਰੇ ਪਰ ਕਮਾਈ ਦੇ ਚੱਕਰ ਵਿੱਚ ਫਸੇ ਲੋਕ ਇੱਕ ਦੂਜੇ ਤੋਂ ਅੱਗੇ ਹਨ। ਭਾਸ਼ਾਵਾਂ ਦੀ ਗੱਲ ਕਰਦੀ ਕਵਿਤਾ ਮੇਰੀ ਜ਼ੁਬਾਨ ਦੇਸ਼ ਦੇ ਦਰਿਆ, ਬੇਲੇ, ਬੁੱਲੇ ਸ਼ਾਹ ਦੀ ਕਾਫ਼ੀ, ਭਾਈ ਮਨੀ ਸਿੰਘ, ਭਗਤ ਸਿੰਘ ਅਤੇ ਬੋਲੀ ਨੂੰ ਯਾਦ ਕਰਦਿਆਂ ਬੋਲੀ ਨੂੰ ਨਾ ਭੁੱਲਣ ਦਾ ਸੰਦੇਸ਼ ਦਿੰਦੀ ਹੈ। ਕਵਿਤਾਵਾਂ ਯੁੱਧ ਦਾ ਪਹਿਲਾ ਪੜਾਅ ਅਤੇ ਸੰਨ ਸੰਤਾਲੀ ਦੁਬਾਰਾ ਨਹੀਂ ਦੋ ਵੱਖ ਵੱਖ ਲੜਾਈਆਂ ਨੂੰ ਸਮੇਟਦੀ ਹੈ ਪਰ ਦੋਨਾਂ ਦਾ ਮੁੱਖ ਸੰਦੇਸ਼ ਇਕੋ ਹੀ ਹੈ ਕਿ ਲੜਾਈ ਦਾ ਹਰ ਪੜਾਅ ਜਿੱਤ ਨਹੀਂ ਹੁੰਦਾ। ਸਭਨਾਂ ਨੂੰ ਰਲ ਮਿਲ ਕੇ ਇਕੱਠੇ ਰਹਿਣ ਲਈ ਪ੍ਰੇਰਦੀ ਹੈ। ਨਾਲ ਹੀ ਪੁਸਤਕ ਦੀਆਂ ਕਵਿਤਾਵਾਂ ਬੰਦ ਘਰਾਂ ਦੇ ਵਾਸੀ ਅਤੇ ਵੰਗਾਰ ਕੈਨੇਡਾ ਵਿੱਚ ਪਾਸ ਹੋਏ ਬਿੱਲ ਗਿਆਰਾਂ ਦੀ ਗੱਲ ਵੀ ਕਰਦੀਆਂ ਹਨ ਜਿਹੜਾ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਬਣਿਆ ਗਿਆ। ਕਵਿਤਾ ਦੇ ਬੋਲ ਹਨ - " ਘਬਰਾਈ ਨਾ ਮੇਰੇ ਦੋਸਤ
ਲੜਾਈ ਦਾ ਹਰ ਪੜਾਅ
ਜਿੱਤ ਨਹੀਂ ਹੁੰਦਾ
ਤੇ ਹਰ ਪੜਾਅ ਤੇ ਅੱਗੇ ਵਧਣਾ
ਸਾਡਾ ਹਿੱਤ ਨਹੀਂ ਹੁੰਦਾ। " (ਪੰਨਾ 39)

ਕਵਿਤਾ ਦਵੰਦ ਆਪਣੀ ਜਨਮ ਭੂਮੀ ਅਤੇ ਵਸੇਵੇ ਦੀ ਯਾਦ ਨੂੰ ਦੁਚਿੱਤੀ ਵਿੱਚ ਪਾਉਂਦੀ ਹੈ। ਵਿਦੇਸ਼ ਗਿਆ ਵਿਅਕਤੀ ਦਾ ਦਿਲ ਕਿਤੇ ਵੀ ਨਹੀਂ ਲਗਦਾ। ਨਾ ਓਥੇ ਰਹਿਣਾ ਚਾਹੁੰਦਾ ਹੈ ਤੇ ਨਾ ਮੁੜ ਦੇਸ਼ ਵਾਪਸ ਆ ਸਕਦਾ ਹੈ। ਉਸ ਵਲੋ ਪਿਆਰੇ ਨਾਲ ਬਿਤਾਏ ਪਲ ਪਿੱਛਾ ਨਹੀਂ ਛੱਡਦੀ। ਕਵਿਤਾ ਨਜ਼ਮ ਦਾ ਸ਼ਿਅਰ ਦੇਖੋ - " ਜਦ ਕਦੇ ਵੀ
ਯਾਦ ਤੇਰੀ ਦੀ ਗੱਲ ਤੁਰਦੀ ਹੈ
ਮਨ ਦੀ ਮਹਿਫ਼ਲ
ਅੱਖਾਂ ਸਾਹਵੇਂ ਆ ਖੜਦੀ ਹੈ। " (ਪੰਨਾ 66)

ਕਵਿਤਾਵਾਂ ਯਾਦ, ਬੇ - ਬਸੀ, ਮਨੁੱਖ ਦੀ ਮੌਤ ਅਤੇ ਚੀਸ ਵੀ ਕਵੀ ਨੂੰ ਪ੍ਰਭਾਵਿਤ ਕਰਦੀਆਂ ਹਨ । ਉਹ ਸਹਿਗਲ, ਤਲਤ, ਰੂੜੀ ਮਾਰਕਾ, ਘੁੱਗੀਆਂ, ਕਾਂ, ਤੀਆਂ ਨੂੰ ਚੇਤੇ ਕਰਦਾ ਹੈ। ਉਸ ਅਨੁਸਾਰ ਮਨੁੱਖ ਦੀ ਮੌਤ ਗੋਲੀ ਨਾਲ ਨਹੀਂ ਸ਼ਰੀਕਾਂ ਦੀ ਬੋਲੀ ਨਾਲ, ਬਿਮਾਰੀ ਨਾਲ ਨਹੀਂ ਲਾਚਾਰੀ ਨਾਲ ਅਤੇ ਭੁੱਖ ਨਾਲ ਨਹੀਂ ਟੁੱਟੇ ਹੋਏ ਦਿਲ ਨਾਲ ਹੁੰਦੀ ਹੈ ਤੇ ਫਿਰ ਉਸ ਦੇ ਅੰਦਰ ਵਤਨ ਦੀ ਯਾਦ ਦੀ ਚੀਸ ਉੱਠਦੀ ਹੈ।

ਇਹਨਾਂ ਕਵਿਤਾਵਾਂ ਤੋਂ ਇਲਾਵਾ ਕਪੁੱਤਰ, ਠੰਡਾ ਯਖ਼ ਦਿਲ, ਅਸੀਂ ਨਾਸਤਕ ਹਾਂ ਅਤੇ ਸੁਫ਼ਨਾ ਤੇ ਅਸਲੀਅਤ ਵੀ ਪੜ੍ਹਨਯੋਗ ਅਤੇ ਵਿਚਾਰਯੋਗ ਹਨ। ਭਾਵੇਂ ਪੁਸਤਕ ਦੀਆਂ ਰਚਨਾਵਾਂ ਬਹੁਤੀਆਂ ਵਿਦੇਸ਼ ਇਕਲਾਪੇ ਦੇ ਦੁਖਾਂਤ ਦੀਆਂ ਹਨ ਪਰ ਕਵੀ ਦੀਆਂ ਭਾਵਨਾਵਾਂ ਵੀ ਪ੍ਰਗਟ ਕਰਦੀਆਂ ਹਨ।

## ਸੁਣੀਆਂ-ਸੁਣਾਈਆਂ ਗੱਲਾਂ ਅਤੇ ਟੁੱਟਦੇ ਪਰਿਵਾਰ



ਜ਼ਿੰਦਗੀ ਕੋਈ ਅਜਿਹੀ ਉਲਝੀ ਹੋਈ ਤਾਣੀ ਨਹੀਂ ਜਿਸ ਨੂੰ ਸੁਲਝਾਉਣ ਲਈ ਸਾਨੂੰ ਬਾਹਰੀ ਦੁਨੀਆਂ ਦੇ ਨਕਸ਼ਿਆਂ ਦੀ ਲੋੜ ਹੋਵੇ। ਅਸਲ ਵਿੱਚ, ਜ਼ਿੰਦਗੀ ਬਹੁਤ ਸਾਦੀ, ਮਾਸੂਮ ਤੇ ਖ਼ੂਬਸੂਰਤ ਹੈ, ਪਰ ਅਸੀਂ ਅਕਸਰ ਇਸ ਨੂੰ ਆਪਣੀਆਂ ਵੱਡੀਆਂ ਖ਼ਵਾਹਿਸ਼ਾਂ, ਦੂਜਿਆਂ ਦੀਆਂ ਨੁਕਤਾਚੀਨੀਆਂ ਅਤੇ ਅੰਦਰਲੇ ਅੰਗਿਆਰਿਆਂ ਨਾਲ ਬਹੁਤ ਉਲਝਾ ਲੈਂਦੇ ਹਾਂ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਜ਼ਿੰਦਗੀ ਆਸਾਨ, ਖ਼ੁਸ਼ਹਾਲ ਤੇ ਹਰ ਪਲ ਮਾਣਨਯੋਗ ਬਣੇ, ਤਾਂ ਸਾਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਅਤੇ ਆਪਣੇ ਮਨ ਦੇ ਵਿਹੜੇ ਵਿੱਚ ਕੁਝ ਬਹੁਤ ਹੀ ਕੋਮਲ ਤੇ ਜਜ਼ਬਾਤੀ ਬਦਲਾਅ ਲਿਆਉਣੇ ਪੈਣਗੇ।

ਇਸ ਖ਼ੂਬਸੂਰਤ ਸਫ਼ਰ ਨੂੰ ਸੌਖਾ ਬਣਾਉਣ ਲਈ ਕੁਝ ਅਹਿਮ ਰਾਹ ਪੇਸ਼ ਹਨ:

1. ਘਰਾਂ ਦੇ ਵਿੱਚ ਸਾਹ ਲੈਣ ਵਾਲੇ ਰਾਹ ਬਣਾਓ (ਰਿਸ਼ਤਿਆਂ ਵਿੱਚ ਲਚਕਤਾ)

ਕਈ ਵਾਰ ਘਰਾਂ ਵਿੱਚ ਤਣਾਅ ਅਤੇ ਤਾਹਨੇ-ਮੇਹਣੇ ਇੰਨੇ ਵਧ ਜਾਂਦੇ ਹਨ ਕਿ ਇਨਸਾਨ ਦਾ ਦਮ ਘੁੱਟਣ ਲੱਗਦਾ ਹੈ। ਜ਼ਿੰਦਗੀ ਨੂੰ ਸੋਹਣਾ ਬਣਾਉਣ ਦਾ ਸਭ ਤੋਂ ਪਹਿਲਾ ਨਿਯਮ ਹੈ ਕਿ ਪਰਿਵਾਰ ਦੇ ਜੀਆਂ ਵਿੱਚ ਆਪਸੀ ਸਹਿਮਤੀ ਅਤੇ ਸਤਿਕਾਰ ਹੋਵੇ। ਘਰ ਵਿੱਚ ਅਜਿਹੇ ਰਾਹ ਬਣਾ ਕੇ ਰੱਖੋ ਜਿਨ੍ਹਾਂ ਥਾਣੀਂ ਸੁੱਖ ਦਾ ਸਾਹ ਆਉਂਦਾ-ਜਾਂਦਾ ਰਹੇ।

ਇੱਕ ਜਜ਼ਬਾਤੀ ਮਿਸਾਲ: ਜਿਵੇਂ ਇੱਕ ਧੀ ਜਦੋਂ ਵਿਆਹੀ ਜਾਂਦੀ ਹੈ, ਉਹ ਆਪਣਾ ਪੁਰਾਣਾ ਘਰ ਛੱਡ ਕੇ ਨਵੇਂ ਘਰ ਨੂੰ ਆਪਣਾ ਲੈਂਦੀ ਹੈ। ਜੇਕਰ ਉਸੇ ਤਰ੍ਹਾਂ ਮਾਂ-ਪਿਓ ਅਤੇ ਬਜ਼ੁਰਗ ਵੀ ਆਪਣੀ ਨੂੰਹ ਨੂੰ ਧੀ ਵਾਂਗ ਅਪਣਾ ਲੈਣ, ਉਸ ਨੂੰ ਉਹ ਹੱਕ ਅਤੇ ਮੋਹ ਦੇਣ ਜਿਸ ਦੀ ਉਹ ਹੱਕਦਾਰ ਹੈ, ਤਾਂ ਘਰ ਵਿੱਚ ਕਦੇ ਕੜਾਹੀਆਂ ਜਾਂ ਰਸੋਈ ਦੇ ਸਮਾਨ ਵਰਗੀਆਂ ਨਿੱਕੀਆਂ ਗੱਲਾਂ ਪਿੱਛੇ ਮਹਾਂਭਾਰਤ ਨਹੀਂ ਰਚੇਗਾ। ਜਿੱਥੇ ਸਾਰਿਆਂ ਦੇ ਜੀਅ ਇੱਕ-ਦੂਜੇ ਦਾ ਬਿਨਾਂ ਕਹਿਆਂ ਦਰਦ ਮਹਿਸੂਸ ਕਰਨ ਲੱਗ ਪੈਣ, ਉੱਥੇ ਜ਼ਿੰਦਗੀ ਆਪਣੇ-ਆਪ ਜੰਨਤ ਬਣ ਜਾਂਦੀ ਹੈ।

2. ਦੋਹਾਂ ਹੱਥਾਂ ਵਿੱਚ ਲੱਡੂ ਰੱਖਣ ਦੀ ਚਾਹਤ ਛੱਡੋ (ਸੰਤੁਸ਼ਟੀ ਦੀ ਭਾਵਨਾ)

ਅਸੀਂ ਅਕਸਰ ਹਰ ਚੀਜ਼ 'ਤੇ ਆਪਣਾ ਹੱਕ ਜਤਾਉਣਾ ਚਾਹੁੰਦੇ ਹਾਂ—ਪੇਕਿਆਂ 'ਤੇ ਵੀ ਤੇ ਸਹੁਰਿਆਂ 'ਤੇ ਵੀ, ਅਤੀਤ 'ਤੇ ਵੀ ਤੇ ਭਵਿੱਖ 'ਤੇ ਵੀ। ਪਰ ਸਿਆਣੇ ਕਹਿੰਦੇ ਨੇ ਕਿ ਦੋਹਾਂ ਹੱਥਾਂ ਵਿੱਚ ਲੱਡੂ ਕਦੇ ਸ਼ੋਭਦੇ ਨਹੀਂ। ਜ਼ਿੰਦਗੀ ਨੂੰ ਆਸਾਨ ਕਰਨ ਲਈ ਸਾਨੂੰ ਕੁਝ ਚੀਜ਼ਾਂ ਦਾ ਮੋਹ ਤਿਆਗਣਾ ਪੈਂਦਾ ਹੈ ਤਾਂ ਜੋ ਨਵੀਆਂ ਖ਼ੁਸ਼ੀਆਂ ਨੂੰ ਗਲ਼ ਲਗਾਇਆ ਜਾ ਸਕੇ। ਜਿਹੜਾ ਇਨਸਾਨ ਸਮੇਂ ਸਿਰ ਇਹ ਸਮਝ ਲੈਂਦਾ ਹੈ ਕਿ ਉਸ ਦਾ ਅਸਲ ਦਾਇਰਾ ਕਿਹੜਾ ਹੈ ਅਤੇ ਉਸ ਦੀਆਂ ਜ਼ਿੰਮੇਵਾਰੀਆਂ ਕੀ ਹਨ, ਉਹ ਕਦੇ ਮਨ ਤੋਂ ਅਸ਼ਾਂਤ ਨਹੀਂ ਹੁੰਦਾ।

3. 'ਲੋਕ ਕੀ ਕਹਿਣਗੇ' ਦੇ ਡਰ ਤੋਂ ਮੁਕਤੀ

ਬਾਹਰੋਂ ਮਿਲਣ ਵਾਲੇ ਤਾਹਨੇ, ਲੋਕਾਂ ਦੀਆਂ ਚੁਗਲੀਆਂ ਅਤੇ ਨੁਕਤਾਚੀਨੀਆਂ ਇਨਸਾਨ ਦੇ ਦਿਲ ਨੂੰ ਚੀਰ ਕੇ ਲੰਘ ਜਾਂਦੀਆਂ ਹਨ। ਪਰ ਸਾਨੂੰ ਇਹ ਸਮਝਣਾ ਪਵੇਗਾ ਕਿ ਦੁਨੀਆਂ ਅਕਸਰ ਦੂਜਾ ਪੱਖ ਜਾਣਨਾ ਹੀ ਨਹੀਂ ਚਾਹੁੰਦੀ। ਲੋਕਾਂ ਦਾ ਕੰਮ ਸਿਰਫ਼ ਸਵਾਦ ਲੈਣਾ ਅਤੇ ਗੱਲਾਂ ਕਰਨਾ ਹੈ।

ਇਸ ਦੁਨੀਆਂ ਨੂੰ ਇੱਕ ਰੰਗਮੰਚ (ਸਟੇਜ) ਵਾਂਗ ਦੇਖੋ। ਅੱਜ ਕੋਈ ਸਟੇਜ 'ਤੇ ਖੜ੍ਹਾ ਅਭਿਨੈ ਕਰ ਰਿਹਾ ਹੈ ਤੇ ਬਾਕੀ ਥੱਲੇ ਬੈਠੇ ਸਰੋਤੇ ਬਣ ਕੇ ਡਰਾਮਾ ਦੇਖ ਰਹੇ ਹਨ; ਕੱਲ੍ਹ ਨੂੰ ਦੇਖਣ ਵਾਲੇ ਸਟੇਜ 'ਤੇ ਹੋਣਗੇ ਤੇ ਦੂਜੇ ਥੱਲੇ ਬੈਠੇ ਹੋਣਗੇ। ਜਦੋਂ ਅਸੀਂ ਇਸ ਖੇਡ ਨੂੰ ਸਮਝ ਲੈਂਦੇ ਹਾਂ, ਤਾਂ ਅਸੀਂ ਲੋਕਾਂ ਦੀਆਂ ਗੱਲਾਂ ਨੂੰ ਦਿਲ 'ਤੇ ਲਾਉਣਾ ਬੰਦ ਕਰ ਦਿੰਦੇ ਹਾਂ ਅਤੇ ਆਪਣੇ ਮਨ ਦੇ ਸੱਚ ਨਾਲ ਜਿਊਣਾ ਸਿੱਖਦੇ ਹਾਂ।

4. ਫਰਜ਼ਾਂ ਤੋਂ ਨਾ ਭੱਜੋ, ਚਾਹੇ ਤੁਸੀਂ ਬੱਚੇ ਹੋ ਜਾਂ ਬਜ਼ੁਰਗ

ਖ਼ੁਸ਼ਹਾਲੀ ਉੱਥੇ ਹੀ ਵੱਸਦੀ ਹੈ ਜਿੱਥੇ ਹਰ ਕੋਈ ਆਪਣੇ ਹਿੱਸੇ ਦਾ ਫਰਜ਼ ਇਮਾਨਦਾਰੀ ਨਾਲ ਨਿਭਾਉਂਦਾ ਹੈ। ਚਾਹੇ ਉਹ ਘਰ ਦਾ ਬੱਚਾ ਹੋਵੇ, ਨੌਜਵਾਨ ਹੋਵੇ ਜਾਂ ਬਜ਼ੁਰਗ—ਸਭ ਨੂੰ ਆਪਣਾ ਬਣਦਾ ਰੋਲ ਅਦਾ ਕਰਨਾ ਪੈਂਦਾ ਹੈ। ਜਦੋਂ ਬਜ਼ੁਰਗ ਨੌਜਵਾਨਾਂ ਨੂੰ ਖੁੱਲ੍ਹ ਕੇ ਜਿਊਣ ਦਾ ਹੌਸਲਾ ਦਿੰਦੇ ਹਨ ਅਤੇ ਨੌਜਵਾਨ ਬਜ਼ੁਰਗਾਂ ਦੀ ਸੇਵਾ ਨੂੰ ਆਪਣਾ ਸੁਭਾਗ ਮੰਨਦੇ ਹਨ, ਤਾਂ ਘਰ ਵਿੱਚ ਬਰਕਤ ਆਉਂਦੀ ਹੈ। ਫਰਜ਼ਾਂ ਦੀ ਪੂਰਤੀ ਹੀ ਜ਼ਿੰਦਗੀ ਨੂੰ ਇੱਕ ਸੋਹਣੀ ਸੁਰ ਦਿੰਦੀ ਹੈ।

5. ਅੱਖਾਂ ਬੰਦ ਕਰਕੇ ਭੇਡਚਾਲ ਚੱਲਣ ਤੋਂ ਬਚੋ (ਸਵੈ-ਪੜਚੋਲ ਅਤੇ ਸੱਚ ਦੀ ਖੋਜ)

ਅਸੀਂ ਅਕਸਰ ਦੂਜਿਆਂ ਦੇ ਘਰਾਂ ਦੀਆਂ ਗੱਲਾਂ ਸੁਣ ਕੇ, ਬਿਨਾਂ ਸੋਚੇ-ਸਮਝੇ ਆਪਣੀ ਰਾਇ ਬਣਾ ਲੈਂਦੇ ਹਾਂ ਅਤੇ ਉਸੇ ਭੇਡਚਾਲ ਦਾ ਹਿੱਸਾ ਬਣ ਜਾਂਦੇ ਹਾਂ ਜੋ ਰਿਸ਼ਤਿਆਂ ਵਿੱਚ ਕੜਵਾਹਟ ਘੋਲਦੀ ਹੈ। ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜ਼ਰੂਰੀ ਹੈ ਕਿ ਅਸੀਂ ਅਫ਼ਵਾਹਾਂ ਜਾਂ ਸੁਣੀਆਂ-ਸੁਣਾਈਆਂ ਗੱਲਾਂ 'ਤੇ ਯਕੀਨ ਕਰਨ ਦੀ ਬਜਾਏ, ਹਮੇਸ਼ਾ ਤੱਥਾਂ ਅਤੇ ਦੋਵਾਂ ਪੱਖਾਂ ਨੂੰ ਦੇਖੀਏ। ਜਦੋਂ ਅਸੀਂ ਸਮਾਜ ਦੇ ਦਿਖਾਵੇ ਅਤੇ ਚੁਗਲੀਆਂ ਦੇ ਰਸ ਤੋਂ ਉੱਪਰ ਉੱਠ ਕੇ ਆਪਣੇ ਘਰ ਅਤੇ ਪਰਿਵਾਰ ਦੇ ਹਾਲਾਤਾਂ ਨੂੰ ਸਮਝਦਾਰੀ ਨਾਲ ਦੇਖਣਾ ਸ਼ੁਰੂ ਕਰਦੇ ਹਾਂ, ਤਾਂ ਬਹੁਤ ਸਾਰੀਆਂ ਗ਼ਲਤਫ਼ਹਿਮੀਆਂ ਆਪਣੇ-ਆਪ ਮੁੱਕ ਜਾਂਦੀਆਂ ਹਨ। ਸੱਚ ਦੀ ਪਰਖ ਹੀ ਰਿਸ਼ਤਿਆਂ ਦੀ ਨੀਂਹ ਨੂੰ ਮਜ਼ਬੂਤ ਰੱਖਦੀ ਹੈ।





ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ**

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

# ਪੁਸਤਕ ਸਮੀਖਿਆ ਗੁਰਮਤਿ ਚਿੰਤਨ ਇੱਕ ਸੰਕਲਪਾਤਮਿਕ ਅਧਿਐਨ

ਪੁਸਤਕ ਸਮੀਖਿਆ
ਗੁਰਮਤਿ ਚਿੰਤਨ
ਇੱਕ ਸੰਕਲਪਾਤਮਿਕ ਅਧਿਐਨ
ਪੰਨੇ 390
ਸਮੀਖਿਆ ਕਰਤਾ
ਗਿਆਨੀ ਹਰਭਜਨ ਸਿੰਘ ਭਗਰੱਥ ਵਿਸ਼ਵ ਸਾਹਿਤਿਕ ਸਿਤਾਰੇ ਮੰਚ
ਤਰਨ ਤਾਰਨ ਪੰਜਾਬ
97799 76307






ਮਨੁੱਖਾ ਜਨਮ ਗੋਬਿੰਦ ਨੂੰ ਮਿਲਣ ਦੀ ਵਾਰੀ ਹੈ ਅਤੇ ਇਹ ਵਾਰੀ ਵਾਰ ਵਾਰ ਮਿਲਣ ਵਾਲੀ ਨਹੀਂ ਹੈ 84 ਲੱਖ ਜੂਨਾਂ ਵਿੱਚ ਵਿਚਰਦਿਆਂ ਹੋਇਆ ਅਕਾਲ ਪੁਰਖ ਵਾਹਿਗੁਰੂ ਨੇ ਕਿਰਪਾ ਕੀਤੀ ਹੈ ਜੀਵ ਰੂਪੀ ਆਤਮਾ ਨੂੰ ਮਨੁੱਖਾ ਦੇਹੀ ਬਖਸ਼ੀ ਹੈ ਇਸ ਦੇਹੀ ਵਿੱਚ ਈਸ਼ਵਰ ਦੀ ਅੰਸ਼ ਆਤਮਾ ਦਾ ਨਿਵਾਸ ਹੈ ਅਸਲ ਵਿੱਚ ਆਤਮਾ ਆਪਣੇ ਕਰਮਾਂ ਅਨੁਸਾਰ ਪ੍ਰਭੂ ਨਾਲੋਂ ਵਿਛੜੀ ਹੋਈ ਹੈ ਆਪਣੀ ਸੰਸਾਰਿਕ ਯਾਤਰਾ ਕਰਦੇ ਹੋਇਆ ਇਸ ਸਰੀਰ ਦੁਆਰਾ ਆਤਮਾ ਨੂੰ ਚੰਗੇ ਕਰਮ ਕਰਕੇ ਭਵ ਸਾਗਰ ਵਿੱਚੋਂ ਪਾਰ ਹੋਣ ਲਈ ਬੇੜੀ ਰੂਪ ਸਰੀਰ ਮਿਲਿਆ ਹੈ ਆਤਮਾ ਇਸ ਬੇੜੀ ਵਿੱਚ ਸਵਾਰ ਹੈ ਜਦੋਂ ਕੋਈ ਆਤਮਾ ਭਟਕਦਿਆਂ ਭਟਕਦਿਆਂ ਸੱਚ ਦਾ ਮਾਰਗ ਲੱਭ ਲੈਂਦੀ ਹੈ ਅਤੇ ਸੱਚ ਦੇ ਮਾਰਗ ਤੇ ਆਪਣਾ ਸਫਰ ਸ਼ੁਰੂ ਕਰ ਦਿੰਦੀ ਹੈ ਤਾਂ ਫਿਰ ਹੌਲੀ ਹੌਲੀ ਉਸ ਦਾ ਸਫਰ ਆਪਣੀ ਅਸਲ ਮੰਜ਼ਿਲ ਵੱਲ ਸ਼ੁਰੂ ਹੋ ਜਾਂਦਾ ਹੈ ਆਤਮਾ ਅਧਿਆਤਮਿਕ ਮਾਰਗ ਦੀ ਪਾਂਧੀ ਹੋ ਜਾਂਦੀ ਹੈ ਹੌਲੀ ਹੌਲੀ ਸਿਮਰਨ ਸਾਧਨਾ ਵਿੱਚ ਜਦੋਂ ਆਤਮਾ ਪਰਪੱਕ ਹੋ ਜਾਂਦੀ ਹੈ ਤਾਂ ਫਿਰ ਉਸ ਦੀ ਭਗਤੀ ਨੂੰ ਸਾਧਨਾ ਨੂੰ ਬੂਰ ਪੈਣ ਲੱਗਦਾ ਹੈ ਕਾਮ ਕ੍ਰੋਧ ਲੋਭ ਮੋਹ ਹੰਕਾਰ ਤੇ ਹੌਲੀ ਹੌਲੀ ਆਤਮਾ ਕਾਬੂ ਪਾ ਲੈਂਦੀ ਹੈ ਅਤੇ ਸਤ ਸੰਤੋਖ ਦਇਆ ਧਰਮ ਅਤੇ ਧੀਰਜ ਦੀ ਧਾਰਨੀ ਹੁੰਦੀ ਜਾਂਦੀ ਹੈ ਅਵਗੁਣ ਮਿਟ ਜਾਂਦੇ ਹਨ ਗੁਣ ਉਜਾਗਰ ਹੋ ਜਾਂਦੇ ਹਨ ਭਗਤੀ ਪ੍ਰਵਾਨ ਹੋ ਜਾਂਦੀ ਹੈ ਜਦ ਭਗਤੀ ਪ੍ਰਵਾਨ ਹੋ ਜਾਂਦੀ ਹੈ ਤਾਂ ਆਤਮਾ ਨੂੰ ਨਿਜ ਘਰ ਥਿਰ ਘਰ ਬੇਗਮਪੁਰ ਬਾਰੇ ਸੋਝੀ ਪ੍ਰਾਪਤ ਹੁੰਦੀ ਹੈ ਈਸ਼ਵਰ ਦੀ ਰਜ਼ਾ ਹੁਕਮ ਅਤੇ ਭਾਣੇ ਨੂੰ ਮੰਨ ਲੈਣ ਦੀ ਜਾਚ ਆਤਮਾ ਸਿਖ ਰਹੀ ਹੁੰਦੀ ਹੈ ਅਧਿਆਤਮਿਕ ਮਾਰਗ ਤੇ ਚਲਦਿਆਂ ਚਲਦਿਆਂ ਜੀਵ ਰੂਪੀ ਆਤਮਾ ਅੰਦਰ ਹੀ ਅੰਦਰ ਗਿਆਨ ਦਾ ਸਾਗਰ ਹੋ ਨਿਬੜਦੀ ਹੈ ਉਸਦੀ ਤੀਸਰੀ ਅੱਖ ਭਾਵ ਦਸਮ ਦੁਆਰ ਪੂਰੀ ਤਰ੍ਹਾਂ ਖੁੱਲ ਚੁੱਕਾ ਹੁੰਦਾ ਹੈ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਵੀ ਐਸੀਆਂ ਆਤਮਾਵਾਂ ਵਿਹੂਣੇ ਸਨ ਰਾਜਿੰਦਰ ਧੀਮਾਨ ਜੀ ਦੀ ਇਸ ਪੁਸਤਕ ਨੂੰ ਪੱੜ੍ਹ ਕੇ ਪੂਰੀ ਤਰਹਾਂ ਗਿਆਨ ਭਰਪੂਰ ਹੋ ਸੰਸਾਰਿਕ ਝਮੇਲਿਆਂ ਤੋਂ ਪਦਾਰਥਵਾਦੀ ਯੁੱਗ ਨਾਲੋਂ ਆਪਣੇ ਆਪ ਨੂੰ ਨਿਖੇੜ ਲੈਂਦੀਆਂ ਹਨ ਇਸ ਤਰ੍ਹਾਂ ਦੀ ਬਿਰਤੀ ਹਾਸਲ ਕਰ ਲੈਣ ਤੋਂ ਬਾਅਦ ਜਦੋਂ ਮਨ ਹੀ ਮਨ ਉਹ ਅੰਦਰੋਂ ਪੂਰੀ ਤਰ੍ਹਾਂ ਭਰ ਜਾਂਦੀਆਂ ਹਨ ਤਾ ਥਿਰ ਘਰ ਨਿਜ ਘਰ ਬੇਗਮਪੁਰ ਵਿੱਚ ਬੈਠਿਆਂ ਬੈਠਿਆਂ ਜਦੋਂ ਉਹ ਧਿਆਨ ਵਿੱਚ ਪ੍ਰਭੂ ਚਰਨਾਂ ਵਿੱਚ ਜੁੜਦੀਆਂ ਹਨ ਪ੍ਰਭੂ ਦੇ ਧੰਨਵਾਦ ਨਾਲ ਪੂਰੀ ਤਰ੍ਹਾਂ ਭਰੀਆਂ ਹੁੰਦੀਆਂ ਹਨ ਅਤੇ ਪ੍ਰਭੂ ਦੇ ਪਿਆਰ ਵਿੱਚ ਰੰਗੀਆਂ ਹੋਈਆਂ ਇਹ ਰੂਹਾਂ ਜਦੋਂ ਕਿਤੇ ਆਪਣੀ ਕਲਮ ਚਲਾਉਂਦੀਆਂ ਹਨ ਤਾਂ ਲਿਖਦੀਆਂ ਹਨ

ਗੁਰਮਿਤ ਚਿੰਤਨ
ਇਕ ਸੰਕਲਪਾਤਮਿਕ ਅਧਿਐਨ

ਇਸ ਤਰ੍ਹਾਂ ਦੀਆਂ ਗਿਆਨ ਭਰਪੂਰ ਪੁਸਤਕਾਂ ਲਿਖਣੀਆਂ ਬਿਖੜੇ ਮਾਰਗ ਤੇ ਚਲਣ ਬਰਾਬਰ ਹਨ ਘੋਰ ਤਪੱਸਿਆ ਸਖਤ ਘਾਲਣਾ ਤੋਂ ਬਾਅਦ ਹੀ ਇਸ ਤਰ੍ਹਾਂ ਦੀਆਂ ਗਿਆਨ ਭਰਪੂਰ ਪੁਸਤਕਾਂ ਲਿਖਣ ਦਾ ਸੁਭਾਗ ਪ੍ਰਾਪਤ ਹੋ ਸਕਦਾ ਹੈ ਮਿਹਨਤ ਸ਼ਿੱਦਤ ਲਗਨ ਨਿਮਰਤਾ ਅਤੇ ਦ੍ਰਿੜ ਸੰਕਲਪ ਲੈ ਕੇ ਹੀ ਇਸ ਤਰ੍ਹਾਂ ਦੀਆਂ ਪੁਸਤਕਾਂ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਰਾਜਿੰਦਰ ਧੀਮਾਨ ਚੰਡੀਗੜ੍ਹ ਜੀ ਨੂੰ ਬਹੁਤ ਬਹੁਤ ਮੁਬਾਰਕਬਾਦ ਅਰਪਿਤ ਕਰਦਾ ਹਾਂ ਅਤੇ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਵੱਲੋਂ ਬਹੁਤ ਸਾਰੀਆਂ ਸ਼ੁਭਕਾਮਨਾਵਾਂ ਰਾਜਿੰਦਰ ਧੀਮਾਨ ਜੀ ਨੂੰ ਭੇਜਦਾ ਹੋਇਆ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਰਜਿੰਦਰ ਧੀਮਾਨ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਾਵਨ ਬਾਣੀ ਨੂੰ ਵਾਚਦਿਆਂ ਹੋਇਆਂ ਬਹੁਤ ਹੀ ਗਹਿਰਾਈ ਵਿੱਚ ਜਾ ਕੇ ਗੁਰਬਾਣੀ ਸ਼ਬਦਾਂ ਦਾ ਅਧਿਐਨ ਕੀਤਾ ਹੈ ਅਤੇ ਬਹੁਤ ਸਾਰੀ ਵਡਮੁੱਲੀ ਜਾਣਕਾਰੀ ਜਿਸ ਤੋਂ ਅੱਜ ਸੰਸਾਰ ਬੇਮੁੱਖ ਅਤੇ ਮੁਨਕਰ ਹੋਇਆ ਫਿਰਦਾ ਹੈ ਭੱਟਕੀ ਹੋਈ ਮਾਨਵਤਾ ਨੂੰ ਗਿਆਨ ਦੇ ਸਾਗਰ ਗੁਰੂ ਗ੍ਰੰਥ ਸਾਹਿਬ ਵਿੱਚ ਡੁਬਕੀ ਲਗਾ ਕੇ ਅਨਮੋਲ ਬੇਸ਼ਕੀਮਤੀ ਗਿਆਨ ਦੀ ਪ੍ਰਾਪਤੀ ਸਾਨੂੰ ਕਰਵਾਉਣ ਲਈ ਭੁੱਲੀ ਭੱਟਕੀ ਮਾਨਵਤਾ ਦੇ ਰਾਹ ਦਸੇਰੇ ਬਣੇ ਹਨ ਮਾਰਗ ਦਰਸ਼ਕ ਬਣੇ ਹਨ ਕਿਤਾਬ ਬਹੁਤ ਹੀ ਜਾਣਕਾਰੀ ਭਰਪੂਰ ਗਿਆਨ ਦਾ ਸਾਗਰ ਹੈ ਅਤੇ ਇਸ ਤਰ੍ਹਾਂ ਦੀਆਂ ਕਿਤਾਬਾਂ ਹਰ ਇੱਕ ਲੇਖਕ ਪਾਠਕ ਅਤੇ ਬੁੱਧੀਜੀਵੀ ਵਰਗ ਦੇ ਘਰ ਵਿੱਚ ਹੋਣੀਆਂ ਜਰੂਰੀ ਹਨ ਐਸੀਆਂ ਕਿਤਾਬਾਂ ਨੂੰ ਪੱੜ੍ਹ ਕੇ ਸੰਸਾਰ ਰੂਪੀ ਭਵ ਸਾਗਰ ਵਿੱਚੋਂ ਪਾਰ ਹੋ ਸਕੀਦਾ ਹੈ ਡਾਕਟਰ ਅਵਤਾਰ ਸਿੰਘ ਪਤੰਗ ਸਰਪ੍ਰਸਤ ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਸੰਪਰਕ 88378 08371 ਡਾਕਟਰ ਸ਼ਿੰਦਰਪਾਲ ਸਿੰਘ ਸਾਬਕਾ ਰਜਿਸਟਰਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਕਿਰਨਦੀਪ ਕੌਰ ਬੇਦੀ ਉੱਘੀ ਸਾਹਿਤਕਾਰਾ ਨੇ ਕਿਤਾਬ ਦੀ ਸ਼ੁਰੂਆਤ ਵਿੱਚ ਆਪਣੇ ਵੱਲੋਂ ਦੋ ਸ਼ਬਦ ਕਹਿ ਕੇ ਲੇਖਕ ਰਾਜਿੰਦਰ ਧੀਮਾਨ ਜੀ ਦੀ ਸ਼ਲਾਂਘਾ ਭਰਪੂਰ ਉਸਤਤਿ ਆਪਣੇ ਵੱਲੋਂ ਲਿਖ ਕੇ ਸੋਣੇ ਤੇ ਸੁਹਾਗੇ ਵਾਲਾ ਕੰਮ ਕੀਤਾ ਹੈ ਮੁੱਖ ਬੰਦ ਨੂੰ ਪੱੜ੍ਹ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਕਿਤਾਬ ਬਹੁਤ ਹੀ ਬੇਸ਼ਕੀਮਤੀ ਹੈ ਗੁਰਮਤਿ ਚਿੰਤਨ ਇਕ ਸੰਕਲਪਾਤਮਿਕ ਅਧਿਐਨ ਪੁਸਤਕ ਲਿਖਦਿਆਂ ਰਜਿੰਦਰ ਧਿਮਾਨ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਪਰਮਾਣਾ ਸਮੇਤ ਬਹੁਤ ਹੀ ਗਿਆਨ ਭਰਪੂਰ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ ਹੈ ਜਿਸ ਤੋਂ ਪਾਠਕ ਅੱਜ ਤੱਕ ਵਿਰਵੇ ਸਨਅਤੇ ਗਿਆਨ ਜਾਈਦਾ ਹੈ ਗਿਆਨੀ ਬਣ ਜਾਈਦਾ ਹੈ ਪੰਡਿਤ ਬਣ ਜਾਈਦਾ ਹੈ ਲਿਖਦੇ ਲਿਖਦੇ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਲਖਣਤਾ ਬਹੁਤ ਹੀ ਭਾਵਪੂਰਵਕ ਸ਼ਬਦਾਂ ਦੁਆਰਾ ਪੁਸਤਕ ਵਿੱਚ ਅੰਕਿਤ ਕੀਤੀ ਹੈ ਸਿੱਖ ਧਰਮ ਜਾਂ ਸਿੱਖੀ ਬਹੁਤ ਹੀ ਪਿਆਰਾ ਅਤੇ ਗਿਆਨ ਭਰਪੂਰ ਸਿੱਖ ਪੰਥ ਦੀ ਮੁੱਢਲੀ ਜਾਣਕਾਰੀ ਬਾਰੇ ਟੋਪਿਕ ਹੈ ਦਸ ਗੁਰੂ ਸਾਹਿਬਾਨ ਦੀ ਸੰਖੇਪ ਜੀਵਨੀ ਬਾਰੇ ਜਾਣਕਾਰੀ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਬਹੁਤ ਹੀ ਗਿਆਨ ਭਰਪੂਰ ਜਾਣਕਾਰੀ ਇਸ ਪੁਸਤਕ ਵਿੱਚ ਬਿਆਨ ਕਰਕੇ ਰਾਜਿੰਦਰ ਧੀਮਾਨ ਜੀ ਨੇ ਬਹੁਤ ਹੀ ਸ਼ਲਾਂਗਾ ਯੋਗ ਕਾਰਜ ਕਰ ਵਿਖਾਇਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤਾਂ ਦੀ ਸੰਖੇਪ ਜੀਵਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਵਿੱਚੋਂ ਸਾਰੇ ਹੀ ਗੁਰੂ ਭਗਤਾਂ ਅਤੇ ਭੱਟਾਂ ਦੀ ਬਾਣੀ ਵਿੱਚੋਂ ਬਾਣੀਆਂ ਦੀਆਂ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਣੀਆਂ ਦਾ ਵੇਰਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਾਰਾਂ ਤੇ ਧੁੰਨਾ ਈਸ਼ਵਰ ਦੇ ਵੱਖ ਵੱਖ ਨਾਵਾਂ ਦਾ ਵੇਰਵਾ ਵੱਖ ਵੱਖ ਭਾਸ਼ਾਵਾਂ ਦਾ ਵੇਰਵਾ ਬਾਰਹ ਮਾਹਾ ਬਾਵਨ ਅੱਖਰੀ ਥਿਤੀ ਸੁਖਮਨੀ ਆਸਾ ਕੀ ਵਾਰ ਘੋੜੀਆਂ ਅਲਾਹੁਣੀਆਂ ਆਰਤੀ ਅਨੰਦ ਓਅੰਕਾਰ ਰੁਤੀ ਮੂਲ ਮੰਤਰ ਜੁਪਜੀ ਸਿੱਧ ਗੋਸ਼ਟਿ ਬਸੰਤ ਕੀ ਵਾਰ ਇਹਨਾਂ ਸਾਰੀਆਂ ਬਾਣੀਆਂ ਬਾਰੇ ਸੰਖੇਪ ਵੇਰਵਾ ਜਾਣਕਾਰੀ ਅਤੇ ਸਿੱਖਿਆਵਾਂ ਭਰਪੂਰ ਲਿਖਤਾਂ ਪੱੜ੍ਹ ਕੇ ਭੱਟਕੇ ਹੋਏ ਮਨ ਨੂੰ ਸਕੂਨ ਮਿਲਦਾ ਹੈ ਹੋਰ ਵੀ ਬਹੁਤ ਸਾਰੀਆਂ ਬਾਣੀਆਂ ਬਾਰੇ ਭਰਪੂਰ ਜਾਣਕਾਰੀ ਗੁਰਮਤਿ ਚਿੰਤਨ ਇਕ ਸੰਕਲਪਾਤਮਿਕ ਅਧਿਐਨ ਵਿੱਚੋਂ ਪ੍ਰਾਪਤ ਹੋਈ ਹੈ ਅੱਜ ਕਲਯੁੱਗ ਦੇ ਸਮੇਂ ਵਿੱਚ ਇਹ ਪੁਸਤਕ ਗਿਆਨ ਦਾ ਸਾਗਰ ਹੋਣ ਦੇ ਨਾਲ ਨਾਲ ਸੰਪੂਰਨ ਬਾਣੀ ਦੀ ਕੁੰਜੀ ਵੀ ਕਹੀ ਜਾ ਸਕਦੀ ਹੈ ਬਹੁਤ ਹੀ ਵਧੀਆ ਜਾਣਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਲੇਖਕ ਨੇ ਪ੍ਰਾਪਤ ਕਰਕੇ ਭੱਟਕੇ ਹੋਏ ਪਾਠਕਾਂ ਨਾਲ ਸਾਂਝੀ ਕੀਤੀ ਹੈ ਇਹ ਪੁਸਤਕ ਹਰ ਇੱਕ ਪਾਠਕ ਲਈ ਰਾਹ ਦਸੇਰਾ ਹੈ ਮਾਰਗ ਦਰਸ਼ਕ ਹੈ ਸਾਰੀ ਹੀ ਪੁਸਤਕ ਨੂੰ ਬਾਰ-ਬਾਰ ਪੜ੍ਹਨ ਦੀ ਜਰੂਰਤ ਹੈ ਪੁਸਤਕ ਕਲਯੁੱਗ ਦਾ ਜਹਾਜ ਹੈ ਹਰ ਇੱਕ ਲੇਖਕ ਪਾਠਕ ਅਤੇ ਬੁੱਧੀਜੀਵੀ ਵਰਗ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਵਾਰ ਇਹ ਪੁਸਤਕ ਖਰੀਦ ਕੇ ਜਰੂਰ ਪੜ੍ਹਨ ਦੀ ਕੋਸ਼ਿਸ਼ ਕਰੋ ਜੀ ਮੈਨੂੰ ਵਿਸ਼ਵਾਸ ਹੈ ਇਹ ਪੁਸਤਕ ਸਾਡੀ ਡੁੱਬਦੀ ਹੋਈ ਬੇੜੀ ਦਾ ਮਲਾਹ ਸਾਬਤ ਹੋਵੇਗੀ ਇਸ ਪੁਸਤਕ ਨੂੰ ਪੱੜ੍ਹ ਕੇ ਅਸੀਂ ਭਵ ਸਾਗਰ ਵਿੱਚੋਂ ਪਾਰ ਹੋ ਜਾਣ ਦੀ ਸਮਰੱਥਾ ਹਾਸਿਲ ਕਰ ਲਵਾਂਗੇ ਆਪਣੇ ਔਗੁਣ ਖਤਮ ਕਰ ਲਵਾਂਗੇ ਗੁਣਾ ਨਾਲ ਭਰ ਜਾਵਾਂਗੇ ਗੁਰੂ ਤੋਂ ਬੇਮੁਖ ਹੋਏ ਹਾਂ ਗੁਰੂ ਨਾਲ ਜੁੜ ਜਾਵਾਂਗੇ ਰਾਜਿੰਦਰ ਧੀਮਾਨ ਜੀ ਨੂੰ ਇੱਕ ਵਾਰ ਫਿਰ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਵੱਲੋਂ ਬਹੁਤ ਬਹੁਤ ਮੁਬਾਰਕਾਂ ਅਰਪਿਤ ਕਰਦਾ ਹੋਇਆ

ਹਰਭਜਨ ਸਿੰਘ ਭਗਰੱਥ 9779976307

## ਖੂਬਸੂਰਤ ਚਿਹਰਾ ਵੀ ਇੱਕ ਦਿਨ ਬੁੱਢਾ ਹੋ ਜਾਂਦਾ ਹੈ



"ਖੂਬਸੂਰਤ ਚਿਹਰਾ ਵੀ ਇੱਕ ਦਿਨ ਬੁੱਢਾ ਹੋ ਜਾਂਦਾ ਹੈ,ਤਾਕਤਵਰ ਸਰੀਰ ਵੀ ਇੱਕ ਦਿਨ ਢਲ ਜਾਂਦਾ ਹੈ, ਅਤੇ ਅੰਤ ਵਿੱਚ ਇਨਸਾਨ ਮਰ ਜਾਂਦਾ ਹੈ,ਪਰ ਜੋ ਚੰਗੇ ਇਨਸਾਨ ਹਨ ਉਹਨਾਂ ਦਾ ਵਿਹਾਰ, ਨੇਕੀ ਅਤੇ ਚੰਗੇ ਵਿਚਾਰ ਕਦੇ ਨਹੀਂ ਮਰਦੇ ਹਮੇਸ਼ਾਂ ਜਿੰਦਾ ਰਹਿੰਦੇ ਹਨ।ਇਸ ਲਈ ਮਰਨ ਤੋਂ ਬਾਅਦ ਵੀ ਜੇਕਰ ਕਿਸੇ ਨੂੰ ਕੋਈ ਯਾਦ ਕਰਦਾ ਹੈ ਤਾਂ ਉਸਦੇ ਚੰਗੇ ਵਿਚਾਰਾਂ ਨੂੰ ,ਉਸਦੇ ਚੰਗੇ ਵਿਹਾਰ ਨੂੰ ਉਸਦੇ ਕੀਤੇ ਚੰਗੇ ਕਾਰਜਾਂ ਨੂੰ ,ਖੂਬਸੂਰਤੀ ਸਮੇਂ ਨਾਲ ਬਦਲ ਜਾਂਦੀ ਹੈ,ਅਸਲ ਖੂਬਸੂਰਤੀ ਇਨਸਾਨ ਦੇ ਚੰਗੇ ਕਿਰਦਾਰ ਵਿੱਚ ਹੈ ਉਸਨੂੰ ਚੰਗਾ ਰੱਖਣਾ ਜਰੂਰੀ ਹੈ। ਅੱਜ ਵੀ ਅਸੀਂ ਬਹੁਤ ਸਾਰੇ ਮਹਾਨ ਲੋਕਾਂ ਦੀਆਂ ਕਿਤਾਬਾਂ ਪੜ੍ਹਦੇ ਹਾਂ,ਅਤੇ ਉਹਨਾਂ ਦੇ ਚੰਗੇ ਵਿਚਾਰਾਂ ਤੋਂ ਸੇਧ ਲੈਂਦੇ ਹਾਂ ਕਹਿਣ ਦਾ ਭਾਵ ਅਸੀਂ ਉਹਨਾਂ ਮਹਾਨ ਸਖਸ਼ੀਅਤਾਂ ਦੇ ਚਿਹਰੇ ਯਾਦ ਨਹੀਂ ਰੱਖਦੇ,ਯਾਦ ਰੱਖਦੇ ਹਾਂ ਤਾਂ ਓਹਨਾਂ ਦੇ ਮੁੱਲਵਾਨ ਵਿਚਾਰ ਜੋ ਕਿ ਸਾਨੂੰ ਪ੍ਰੇਰਨਾ ਦਿੰਦੇ ਹਨ ,ਸਹੀ ਜੀਵਨ ਜਾਚ ਸਿਖਾਉਂਦੇ ਹਨ, ਸੋ ਕਿਰਦਾਰ ਤੇ ਵਿਚਾਰ ਇੰਝ ਦੇ ਹੋਣ ਲੋਕ ਸਾਡੇ ਇਸ ਦੁਨੀਆ ਤੋਂ ਜਾਣ ਬਾਅਦ ਵੀ ਸਾਨੂੰ ਯਾਦ ਰੱਖਣ।

ਹਰਵਿੰਦਰ ਕੌਰ ਕਾਹਲੋਂ



ਲੇਖਕ : ਹਰਪ੍ਰੀਤ ਕੌਰ ਸੰਧੂ।

## ਜ਼ਿੰਦਗੀ ਵਿੱਚ ਕਈ ਵਾਰ ਅਜਿਹੇ ਹਾਲਾਤ ਆ ਜਾਂਦੇ ਹਨ ਕਿ ਤੁਹਾਨੂੰ ਸਮਝ ਹੀ ਨਹੀਂ ਆਉਂਦਾ ਕਿਸ ਤੇ ਭਰੋਸਾ ਕੀਤਾ ਜਾਵੇ ਤੇ ਕਿਸ ਤੇ ਨਹੀਂ

ਜ਼ਿੰਦਗੀ ਵਿੱਚ ਕਈ ਵਾਰ ਅਜਿਹੇ ਹਾਲਾਤ ਆ ਜਾਂਦੇ ਹਨ ਕਿ ਤੁਹਾਨੂੰ ਸਮਝ ਹੀ ਨਹੀਂ ਆਉਂਦਾ ਕਿਸ ਤੇ ਭਰੋਸਾ ਕੀਤਾ ਜਾਵੇ ਤੇ ਕਿਸ ਤੇ ਨਹੀਂ।

ਅਜਿਹੇ ਸਮੇਂ ਵਿੱਚ ਸਿਰਫ ਇਹ ਨਾ ਦੇਖੋ ਕਿ ਤੁਹਾਡਾ ਦਿਲ ਕੀ ਮਹਿਸੂਸ ਕਰ ਰਿਹਾ ਹੈ।

ਇਹ ਜਰੂਰ ਦੇਖੋ ਕਿ ਤੁਹਾਡਾ ਦਿਮਾਗ ਕੀ ਕਹਿ ਰਿਹਾ ਹੈ।

ਕੁਝ ਸਮੇਂ ਲਈ ਚੁੱਪ ਕਰਕੇ ਦੂਜੇ ਦੀਆਂ ਹਰਕਤਾਂ ਨੂੰ ਧਿਆਨ ਨਾਲ ਦੇਖੋ। ਤੁਹਾਨੂੰ ਬਹੁਤ ਕੁਝ ਸਮਝ ਆਵੇਗਾ।

ਜਦੋਂ ਵੀ ਹਾਲਾਤ ਤੁਹਾਨੂੰ ਕਾਬੂ ਤੋਂ ਬਾਹਰ ਹੋਣ ਤੇ ਲੱਗਣ ਜਾਂ ਤੁਹਾਨੂੰ ਕੁਝ ਨਜ਼ਰ ਨਾ ਆਵੇ ਤਾਂ ਕੁਝ ਸਮੇਂ ਲਈ ਸਭ ਕੁਝ ਛੱਡ ਕੇ ਸ਼ਾਂਤ ਹੋ ਜਾਓ।

ਕਾਹਲੀ ਨਾ ਕਰੋ। ਨਾ ਕਿਸੇ ਕੰਮ ਨੂੰ ਕਰਨ ਦੀ ਨਾ ਕਿਸੇ ਸਵਾਲ ਦਾ ਜਵਾਬ ਲੈਣ ਦੀ ਨਾ ਕਿਸੇ ਸਵਾਲ ਦਾ ਜਵਾਬ ਦੇਣ ਦੀ।

ਕੁਝ ਗੱਲਾਂ ਨੂੰ ਸਮੇਂ ਤੇ ਛੱਡ ਦੇਣਾ ਹੀ ਬੇਹਤਰ ਹੁੰਦਾ ਹੈ। ਹਰ ਕਿਸੇ ਦੀ ਸੱਚਾਈ ਇੱਕ ਸਮੇਂ ਤੇ ਆਪਣੇ ਆਪ ਸਾਹਮਣੇ ਆ ਜਾਂਦੀ ਹੈ।ਅੱਜ ਦੀ ਦੁਨੀਆਂ ਵਿੱਚ ਜੇਕਰ ਤੁਸੀਂ ਮਹਿਸੂਸ ਵੀ ਕਰਦੇ ਹੋ ਤਾਂ ਉਸਨੂੰ ਆਪਣੇ ਦਿਲ ਵਿੱਚ ਰੱਖੋ। ਹਰ ਗੱਲ ਨੂੰ ਜ਼ਾਹਿਰ ਨਾ ਕਰੋ।

ਅੱਜ ਲੋਕ ਤੁਹਾਡੀ ਕਮਜ਼ੋਰੀ ਫੜ ਲੈਂਦੇ ਹਨ ਤੇ ਫਿਰ ਉਸਦਾ ਫਾਇਦਾ ਉਠਾਉਂਦੇ ਹਨ। ਆਪਣੀ ਕਮਜ਼ੋਰੀ ਦਾ ਕਿਸੇ ਨੂੰ ਪਤਾ ਨਾ ਲੱਗਣ ਦਿਓ।

ਬਹੁਤ ਜਰੂਰੀ ਹੈ ਆਪਣੇ ਆਪ ਤੇ ਵਿਸ਼ਵਾਸ ਰੱਖਣਾ।

ਦਿਲ ਨੂੰ ਜਦੋਂ ਕਿਸੇ ਰਿਸ਼ਤੇ ਵਿੱਚ ਥੋੜਾ ਜਿਹਾ ਖਦਸ਼ਾ ਹੋਵੇ ਤਾਂ ਉਸ ਵੱਲ ਧਿਆਨ ਦਿਓ। ਉਸ ਇੱਕ ਇਸ਼ਾਰੇ ਨੂੰ ਜੋ ਕੁਦਰਤ ਨੇ ਕੀਤਾ ਹੈ ਨਜ਼ਰ ਅੰਦਾਜ਼ ਨਾ ਕਰੋ।

ਅੱਜ ਦੇ ਸਮੇਂ ਵਿੱਚ ਕਿਸੇ ਤੇ ਵੀ ਅੱਖਾਂ ਬੰਦ ਕਰਕੇ ਵਿਸ਼ਵਾਸ ਨਾ ਕਰੋ।

ਲੋਕ ਜੋ ਦਿਸਦੇ ਹਨ ਉਹ ਹੁੰਦੇ ਨਹੀਂ। ਜੋ ਹੁੰਦੇ ਹਨ ਉਹ ਦਿਸਦੇ ਨਹੀਂ। ਇਸ ਲਈ ਕਿਸੇ ਦੀ ਬਾਹਰੀ ਦਿੱਖ ਤੇ ਨਾ ਜਾਓ।

ਅੱਜ ਕੱਲ ਲੋਕ ਇੰਨੇ ਵੱਡੇ ਅਦਾਕਾਰ ਹਨ ਕਿ ਰੰਗ ਮੰਚ ਦੇ ਅਦਾਕਾਰਾਂ ਨੂੰ ਵੀ ਮਾਤ ਪਾਉਂਦੇ ਹਨ।

ਤੁਸੀਂ ਕਿਸੇ ਦੇ ਨਾਲ ਰਹਿ ਕੇ ਵੀ ਉਸਦੀ ਹਕੀਕਤ ਨਹੀਂ ਜਾਣ ਸਕਦੇ।

ਹਵਸ ਤੇ ਲਾਲਚ ਇਸ ਕਦਰ ਹਾਵੀ ਹੋ ਚੁੱਕਾ ਹੈ ਮਨੁੱਖੀ ਕਿਰਦਾਰ ਤੇ ਕਿ ਇਸ ਵਾਸਤੇ ਉਹ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਇਹ ਗੱਲ ਹਮੇਸ਼ਾ ਯਾਦ ਰੱਖੋ ਕਿ ਜ਼ਿੰਦਗੀ ਤੋਂ ਮਹੱਤਵਪੂਰਨ ਕੁਝ ਵੀ ਨਹੀਂ।

ਤੁਹਾਨੂੰ ਜੀਣ ਲਈ ਸਿਰਫ ਸਾਹਾਂ ਦੀ ਲੋੜ ਹੈ। ਜਿਨਾਂ ਬਾਰੇ ਤੁਸੀਂ ਸੋਚਦੇ ਹੋ ਕਿ ਉਹਨਾਂ ਬਿਨਾਂ ਤੁਸੀਂ ਨਹੀਂ ਜੀ ਸਕਦੇ ਤੁਸੀਂ ਉਹਨਾਂ ਬਿਨਾਂ ਵੀ ਜੀ ਲੈਂਦੇ ਹੋ।

ਮਾੜਾ ਸੰਬੰਧ ਟੁੱਟਿਆ ਹੀ ਚੰਗਾ ਹੁੰਦਾ ਹੈ। ਅਜਿਹੇ ਸੰਬੰਧ ਦੁੱਖ ਹੀ ਦਿੰਦੇ ਹਨ।

ਦੋਸਤੀ ਕਰਨ ਲੱਗੇ ਸਾਹਮਣੇ ਵਾਲੇ ਦੇ ਕਿਰਦਾਰ ਦੀ ਪਰਖ ਜਰੂਰ ਕਰੋ।

ਜੇਕਰ ਤੁਹਾਨੂੰ ਕੋਈ ਕਿਸੇ ਪ੍ਰਤੀ ਸੁਚੇਤ ਕਰਦਾ ਹੈ ਤਾਂ ਉਸ ਦੀ ਗੱਲ ਵੱਲ ਧਿਆਨ ਦਿਓ। ਅੱਖਾਂ ਬੰਦ ਕਰਕੇ ਕੀਤਾ ਵਿਸ਼ਵਾਸ ਅਕਸਰ ਹਨੇਰੇ ਦੀ ਗੁਫਾ ਵਿੱਚ ਜਾ ਕੇ ਖਤਮ ਹੁੰਦਾ ਹੈ।

ਸੁਚੇਤ ਰਹੋ ਕਿਉਂਕਿ ਸੁਚੇਤ ਰਹਿਣ ਵਿੱਚ ਹੀ ਤੁਹਾਡਾ ਭਲਾ ਹੈ।

ਸਿਰਫ ਟਾਈਮ ਪਾਸ ਕਰਨ ਲਈ ਸੰਬੰਧ ਨਾ ਬਣਾਓ। ਟਾਈਮ ਪਾਸ ਕਰਨ ਲਈ ਕਿਤਾਬਾਂ ਹਨ। ਉਹਨਾਂ ਨਾਲ ਦੋਸਤੀ ਕਰੋ।

ਜੇ ਸਾਹਮਣੇ ਵਾਲਾ ਤੁਹਾਡੀ ਕਦਰ ਨਹੀਂ ਕਰਦਾ ਤਾਂ ਉਸ ਦੀਆਂ ਮਿੰਨਤਾਂ ਨਾ ਕਰੋ। ਤਰਸ ਵਿੱਚ ਮਿਲਿਆ ਪਿਆਰ ਭੀਖ ਹੀ ਹੁੰਦਾ ਹੈ।

ਅਸੀਂ ਮਨੁੱਖ ਹਾਂ ਕਿਸੇ ਨਾ ਕਿਸੇ ਦੇ ਕਿਰਦਾਰ ਤੋਂ ਪ੍ਰਭਾਵਿਤ ਹੋ ਹੀ ਜਾਂਦੇ ਹਾਂ। ਪਰ ਦੋਸਤੀ ਕਰਨ ਤੋਂ ਪਹਿਲਾਂ ਬੰਦੇ ਨੂੰ ਪਰਖ ਲੈਣਾ ਬਹੁਤ ਜਰੂਰੀ ਹੈ।

ਜਰੂਰੀ ਹੁੰਦਾ ਹੈ ਆਪਣੇ ਸਮੇਂ ਨੂੰ ਆਪਣੇ ਤਰੀਕੇ ਨਾਲ ਆਪਣੇ ਆਪ ਲਈ ਵਰਤਣਾ।

ਤੁਹਾਡੇ ਤੋਂ ਚੰਗਾ ਤੁਹਾਡਾ ਕੋਈ ਸਾਥੀ ਨਹੀਂ ਹੋ ਸਕਦਾ। ਆਪਣੇ ਆਪ ਨਾਲ ਸਮਾਂ ਬਿਤਾਉਣਾ ਸਿੱਖੋ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਖੇਤੀ ਮਾਹਿਰਾਂ ਵੱਲੋਂ ਕਾਲੇ ਬਿੱਲੇ ਲਾ ਕੇ ਪੰਜਾਬ ਸਰਕਾਰ ਵਿਰੁੱਧ ਰੋਸ ਤੀਜੇ ਦਿਨ ਵੀ ਜਾਰੀ



**ਚੋਹਲਾ ਸਾਹਿਬ 19 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਵਿਭਾਗ ਦੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤੇ ਜਾਣ ਦੇ ਰੋਸ ਵਜੋਂ ਪੰਜਾਬ ਭਰ ਦੇ ਖੇਤੀਬਾੜੀ ਵਿਕਾਸ ਅਫ਼ਸਰਾਂ, ਬਾਗਬਾਨੀ ਵਿਕਾਸ ਅਫਸਰਾਂ, ਸਹਾਇਕ ਡਾਇਰੈਕਟਰ ਬਾਗਬਾਨੀ, ਖੇਤੀਬਾੜੀ ਅਫ਼ਸਰਾਂ ਵੱਲੋਂ ਕਾਲੇ ਬਿੱਲੇ ਲਾ ਕੇ ਪੰਜਾਬ ਸਰਕਾਰ ਵਿਰੁੱਧ ਲਗਾਤਾਰ ਰੋਸ ਜ਼ਾਹਰ ਕੀਤਾ ਜਾ ਰਿਹਾ ਹੈ। ਗੱਲਬਾਤ ਦੌਰਾਨ ਪਲਾਂਟ ਡਾਕਟਰਜ਼ ਸਰਵਿਸਜ਼ ਐਸੋਸੀਏਸ਼ਨ ਪੰਜਾਬ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਆਪਣੀਆਂ ਜਾਇਜ਼ ਮੰਗਾਂ ਸਬੰਧੀ ਕਈ ਵਾਰ ਮੀਟਿੰਗਾਂ ਕੀਤੀਆਂ ਗਈਆਂ ਪਰ ਮੌਜੂਦਾ ਸਰਕਾਰ ਜੋ ਵੱਡੇ ਵੱਡੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ, ਵੱਲੋਂ ਵਾਰ ਵਾਰ ਖੇਤੀ ਮਾਹਿਰਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆਂ ਕੀਤਾ ਗਿਆ ਹੈ। ਇਸ ਵਕਤ ਵਿਭਾਗ ਵਿੱਚ ਵੱਖ ਵੱਖ ਕੇਡਰਾਂ ਦੀਆਂ ਵੱਡੇ ਪੱਧਰ ਤੇ ਅਸਾਮੀਆਂ ਖਾਲੀ ਹੋਣ ਕਰਕੇ ਕਿਸਾਨਾਂ ਤੱਕ ਪਹੁੰਚਣ ਵਾਲੀਆਂ ਖੇਤੀ ਪਸਾਰ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ। ਵੱਡੀ ਗਿਣਤੀ ਵਿੱਚ ਖਾਲੀ ਪਈਆਂ ਅਸਾਮੀਆਂ ਤੇ ਖੇਤੀ ਮਾਹਿਰਾਂ ਦੀ ਭਰਤੀ ਨਾ ਕਰਕੇ ਅਤੇ ਬਣਦੀਆਂ ਤਰੱਕੀਆਂ ਨਾ ਦੇ ਕੇ ਸਰਕਾਰ ਕਾਰਪੋਰੇਟਾਂ ਨੂੰ ਖੇਤੀ ਪਸਾਰ ਸੇਵਾਵਾਂ ਤੇ ਕਬਜ਼ਾ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ। ਨੁਮਾਇੰਦਿਆਂ ਨੇ ਦੱਸਿਆ ਕਿ ਖੇਤੀਬਾੜੀ ਪਸਾਰ ਸੇਵਾਵਾਂ ਦੀ ਅਹਿਮੀਅਤ ਨੂੰ ਧਿਆਨ ਵਿੱਚ ਰੱਖਦਿਆਂ ਪਿਛਲੀਆਂ ਸਰਕਾਰਾਂ ਵੱਲੋਂ ਖੇਤੀ ਮਾਹਿਰਾਂ ਦੀ ਪੇ ਪੈਰਿਟੀ ਵੈਟਰਨਰੀ ਅਫ਼ਸਰਾਂ ਨਾਲ ਜੋੜੀ ਹੋਈ ਸੀ ਪਰ ਮੌਕੇ ਦੀ ਸਰਕਾਰ ਵੱਲੋਂ ਇਹ ਪੇ ਪੈਰਿਟੀ ਤੋੜ ਕੇ ਕਿਸਾਨ ਹਿੱਤ ਵਿੱਚ ਲੋੜੀਂਦੀਆਂ ਖੇਤੀ ਪਸਾਰ ਸੇਵਾਵਾਂ ਦੇ ਮਿਆਰ ਨੂੰ ਡੇਗੇ ਜਾਣ ਦਾ ਸਬੂਤ ਹੈ।

ਐਸੋਸੀਏਸ਼ਨ ਵੱਲੋਂ ਦਿੱਤੀ ਕਾਲ ਅਨੁਸਾਰ ਅੱਜ ਵੀ ਪੰਜਾਬ ਭਰ ਦੇ ਸਮੂਹ ਖੇਤੀਬਾੜੀ ਵਿਕਾਸ ਅਫ਼ਸਰ, ਬਾਗਬਾਨੀ ਵਿਕਾਸ ਅਫਸਰ, ਸਹਾਇਕ ਡਾਇਰੈਕਟਰ ਬਾਗਬਾਨੀ, ਖੇਤੀਬਾੜੀ ਅਫ਼ਸਰਾਂ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਲਗਾਏ ਕਿਸਾਨ ਸਿਖਲਾਈ ਕੈਂਪਾਂ ਵਿੱਚ, ਹੋਰ ਫ਼ੀਲਡ ਖੇਤੀ ਗਤੀਵਿਧੀਆਂ, ਅਤੇ ਦਫ਼ਤਰੀ ਕੰਮਕਾਜ ਦੌਰਾਨ ਕਾਲੇ ਬਿੱਲੇ ਲਾ ਕੇ ਲੋਕਾਂ ਵਿੱਚ ਵਿਚਰਦਿਆਂ ਪੰਜਾਬ ਸਰਕਾਰ ਵਿਰੁੱਧ ਆਪਣਾ ਰੋਸ ਦਰਜ਼ ਕਰਵਾਇਆ ਗਿਆ। ਐਸੋਸੀਏਸ਼ਨ ਦੇ ਆਗੂਆਂ ਡਾ ਹਰਮਨਦੀਪ ਸਿੰਘ ਘੁੰਮਣ, ਸਤਵਿੰਦਰਬੀਰ ਸਿੰਘ, ਮਨਜਿੰਦਰ ਸਿੰਘ, ਸੁਖਚੈਨ ਸਿੰਘ, ਗੁਰਲਵਲੀਨ ਸਿੰਘ ਰਾਣਾ, ਜਸਪਾਲ ਸਿੰਘ ਧੰਜੂ, ਵਿਕਰਾਂਤ, ਅਮਨਪ੍ਰੀਤ ਸਿੰਘ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਲਏ ਫੈਸਲੇ ਅਨੁਸਾਰ ਆਉਣ ਵਾਲੇ ਇੱਕ ਹਫ਼ਤੇ ਤੱਕ ਇਸੇ ਤਰ੍ਹਾਂ ਕਾਲੇ ਬਿੱਲੇ ਲਾ ਕੇ ਰੋਸ ਜ਼ਾਹਰ ਕੀਤਾ ਜਾਵੇਗਾ ਅਤੇ ਜੇਕਰ ਫਿਰ ਵੀ ਸਰਕਾਰ ਵੱਲੋਂ ਖੇਤੀ ਮਾਹਿਰਾਂ ਦੀਆਂ ਜਾਇਜ਼ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਗਿਆ ਤਾਂ ਹੋਰ ਵੱਡੇ ਪੱਧਰ ਦੇ ਐਕਸ਼ਨ ਉਲੀਕ ਕੇ ਮੰਗਾਂ ਮਨਵਾਉਣ ਤੱਕ ਸੰਘਰਸ਼ ਕੀਤਾ ਜਾਵੇਗਾ।

# ਜਲੰਧਰ 'ਚ ਗੁਰਬਾਣੀ ਦੇ ਪਾਵਨ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਦੀ ਐਡਵੋਕੇਟ ਧਾਮੀ ਨੇ ਕੀਤੀ ਸਖ਼ਤ ਸ਼ਬਦਾਂ 'ਚ ਨਿੰਦਾ



ਚੋਹਲਾ ਸਾਹਿਬ 19 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਜਲੰਧਰ ਦੇ ਰਾਜਾ ਗਾਰਡਨ ਇਲਾਕੇ 'ਚ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਉਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮੰਦਭਾਗੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਬੀਤੇ ਕੁਝ ਸਮੇਂ ਤੋਂ ਪਾਵਨ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਅਜਿਹੇ ਮਾਮਲਿਆਂ ਵਿਚ ਗੰਭੀਰਤਾ ਅਤੇ ਸਖ਼ਤੀ ਨਾਲ ਕਾਰਵਾਈ ਨਾ ਹੋਣ ਕਾਰਨ ਦੋਸ਼ੀਆਂ ਦੇ ਹੌਸਲੇ ਲਗਾਤਾਰ ਵੱਧ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਵਿਚ ਸੋਧ ਨੂੰ ਲੈ ਕੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦਾ ਪ੍ਰਚਾਰ ਤਾਂ ਕਰ ਰਹੀ ਹੈ, ਪ੍ਰੰਤੂ ਬੇਅਦਬੀ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਕਰਨ ਅਤੇ ਇਸ ਪਿੱਛੇ ਸਾਜਿਸ਼ ਕਰਨ ਵਾਲਿਆਂ ਨੂੰ ਸਾਹਮਣੇ ਲਿਆਉਣ ਵਿਚ ਫੇਲ ਸਾਬਤ ਹੋ ਰਹੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਬਾਣੀ ਮਨੁੱਖਤਾ ਨੂੰ ਜੀਵਨ ਜਿਊਣ ਲਈ ਸੇਧ ਪ੍ਰਦਾਨ ਕਰਦਿਆਂ ਸਰਬਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ। ਕੁਝ ਲੋਕ ਬੇਅਦਬੀਆਂ ਦੀਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਾਲ ਜਿਥੇ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਦੇ ਹਨ, ਉਥੇ ਹੀ ਸੂਬੇ ਦੀ ਭਾਈਚਾਰਕ ਸਾਂਝ ਲਈ ਵੀ ਵੱਡਾ ਖ਼ਤਰਾ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਫਰਜ ਹੈ ਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ-ਨਾਲ ਅਜਿਹੀਆਂ ਘਟਨਾਵਾਂ ਦੇ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਵੀ ਸਾਹਮਣੇ ਲਿਆਏ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅੰਦਰ ਰੱਖੇ ਗੁਟਕਾ ਸਾਹਿਬ ਤੇ ਪਾਵਨ ਪੋਥੀਆਂ ਦੀ ਮਰਯਾਦਾ ਅਨੁਸਾਰ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ।






# ਸਰਹੰਦ ਫਤਿਹ ਦਿਵਸ ਨੂੰ ਸਮਰਪਿਤ ਸ਼ਹੀਦ ਭਾਈ ਤਾਰੂ ਸਿੰਘ ਗੁਰਮਤ ਪ੍ਰਚਾਰ ਐਂਡ ਵੈਲਫੇਅਰ ਸੋਸਾਇਟੀ ਪੰਜਾਬ ਵੱਲੋਂ ਮੁਕਾਬਲੇ



**ਚੋਹਲਾ ਸਾਹਿਬ 19 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਸਰਹੰਦ ਫਤਿਹ ਦਿਵਸ ਨੂੰ ਸਮਰਪਿਤ ਸ਼ਹੀਦ ਭਾਈ ਤਾਰੂ ਸਿੰਘ ਗੁਰਮਤ ਪ੍ਰਚਾਰ ਐਂਡ ਵੈਲਫੇਅਰ ਸੋਸਾਇਟੀ ਪੰਜਾਬ ਵੱਲੋਂ ਗੁਰਦੁਆਰਾ ਸਾਹਿਬ ਡੇਹਰਾ ਸਾਹਿਬ ਲੁਹਾਰ ਵਿਖੇ ਕਰਵਾਏ ਗਏ ਧਾਰਮਿਕ ਮੁਕਾਬਲਿਆਂ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਪ੍ਰੋ. ਕਿਰਨਜੀਤ ਕੌਰ ਅਤੇ ਪ੍ਰੋ. ਰਵਿੰਦਰ ਕੌਰ ਦੀ ਅਗਵਾਈ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਵੱਖ-ਵੱਖ ਮੁਕਾਬਲਿਆਂ ਵਿੱਚ ਵਿਸ਼ੇਸ਼ ਸਥਾਨ ਹਾਸਲ ਕੀਤੇ। ਇਨ੍ਹਾਂ ਮੁਕਾਬਲਿਆਂ ਵਿੱਚ ਦਸਤਾਰ ਸਜਾਉਣ, ਦੁਮਾਲਾ ਸਜਾਉਣ ਅਤੇ ਸ਼ੁੱਧ ਪੰਜਾਬੀ ਲਿਖਣ-ਬੋਲਣ ਦੇ ਮੁਕਾਬਲੇ ਸ਼ਾਮਲ ਸਨ, ਜਿਨ੍ਹਾਂ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਭਾਸ਼ਾ, ਗੁਰਮਤਿ ਵਿਚਾਰਧਾਰਾ ਅਤੇ ਸਿੱਖ ਸੱਭਿਆਚਾਰ ਨਾਲ ਜੋੜਨਾ ਸੀ। ਕਾਲਜ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ, ਸਿਖਲਾਈ ਅਤੇ ਆਤਮਵਿਸ਼ਵਾਸ ਦਾ ਪ੍ਰਗਟਾਵਾ ਕਰਦਿਆਂ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਸ਼ੁੱਧ ਪੰਜਾਬੀ ਮੁਕਾਬਲੇ ਵਿੱਚ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਖੁਸ਼ਦੀਪ ਕੌਰ ਅਤੇ ਅਰਸ਼ਦੀਪ ਕੌਰ ਨੂੰ "ਗੁਰਮੁਖੀ ਦਾ ਬੇਟਾ" ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਦੋਵਾਂ ਵਿਦਿਆਰਥਣਾਂ ਨੇ ਪੰਜਾਬੀ ਭਾਸ਼ਾ ਪ੍ਰਤੀ ਆਪਣੀ ਲਗਨ ਅਤੇ ਗਿਆਨ ਦਾ ਪ੍ਰਮਾਣ ਦਿੱਤਾ। ਇਸ ਤੋਂ ਇਲਾਵਾ ਦੁਮਾਲਾ ਮੁਕਾਬਲੇ ਵਿੱਚ ਬਾਰਵੀਂ ਜਮਾਤ ਦੀ ਵਿਦਿਆਰਥਣ ਵੀਰਪਾਲ ਕੌਰ ਨੇ ਆਪਣੀ ਸ਼ਾਨਦਾਰ ਪੇਸ਼ਕਾਰੀ ਨਾਲ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ। ਦਸਤਾਰ ਮੁਕਾਬਲੇ ਵਿੱਚ ਬਾਰਵੀਂ ਜਮਾਤ ਦੇ ਵਿਦਿਆਰਥੀ ਤਰਲੋਕ ਸਿੰਘ ਨੇ ਵੀ ਉੱਚ ਦਰਜੇ ਦੀ ਦਸਤਾਰ ਸਜਾ ਕੇ ਵਿਸ਼ੇਸ਼ ਸਨਮਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ, ਪ੍ਰਬੰਧਕ ਕਮੇਟੀ ਅਤੇ ਅਧਿਆਪਕਾਂ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੇ ਆਤਮਵਿਸ਼ਵਾਸ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੀ ਮਾਤਭਾਸ਼ਾ ਅਤੇ ਵਿਰਸੇ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਕਾਲਜ ਹਮੇਸ਼ਾਂ ਹੀ ਵਿਦਿਆਰਥੀਆਂ ਨੂੰ ਧਾਰਮਿਕ, ਸੱਭਿਆਚਾਰਕ ਅਤੇ ਸਿੱਖਿਆਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦਾ ਰਹੇਗਾ ਤਾਂ ਜੋ ਨੌਜਵਾਨ ਪੀੜ੍ਹੀ ਵਿੱਚ ਚੰਗੇ ਸੰਸਕਾਰ ਅਤੇ ਸਿੱਖੀ ਮੁੱਲਾਂ ਨੂੰ ਪ੍ਰਫੁੱਲਤ ਕੀਤਾ ਜਾ ਸਕੇ।

# ਗੁਰੂ ਅਰਜਨ ਦੇਵ ਪਬਲਿਕ ਸਕੂਲ,ਚੋਹਲਾ ਸਾਹਿਬ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ।




**ਚੋਹਲਾ ਸਾਹਿਬ 19 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਇਲਾਕੇ ਦੀ ਜਾਣੀ ਪਛਾਣੀ ਵਿਦਿਅਕ ਸੰਸਥਾ ਗੁਰੂ ਅਰਜਨ ਦੇਵ ਪਬਲਿਕ ਸਕੂਲ ਚੋਹਲਾ ਸਾਹਿਬ ਦੇ ਵਿਦਿਆਰਥੀਆਂ ਨੇ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵੱਲੋਂ ਕਰਵਾਏ ਗਏ ਵੱਖ ਵੱਖ ਸਕੂਲਾਂ ਦੇ ਸਾਂਝੇ ਮੁਕਾਬਲਿਆਂ ਵਿੱਚ ਇਨਾਮ ਪ੍ਰਾਪਤ ਕਰਕੇ ਸਕੂਲ ਦੇ ਬੁਲੰਦੀਆਂ ਵੱਲ ਵੱਧਦੇ ਕਾਫਲੇ ਨੂੰ ਹੋਰ ਅਗਾਂਹ ਤੋਰਿਆ ਹੈ। ਮੁਕਾਬਲਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪ੍ਰਿੰਸੀਪਲ ਡਾਕਟਰ ਪਰਮਿੰਦਰ ਕੌਰ ਖਹਿਰਾ ਨੇ ਦੱਸਿਆ ਕਿ ਸਾਡੇ ਸਕੂਲ ਦੇ ਚੌਵੀ ਵਿਦਿਆਰਥੀਆਂ ਨੇ ਸੁੰਦਰ ਦਸਤਾਰ ਅਤੇ ਦੁਮਾਲਾ ਮੁਕਾਬਲਾ,ਸੁੰਦਰ ਲਿਖਾਈ,ਪੇਟਿੰਗ ਅਤੇ ਪ੍ਰਸ਼ਨ—ਉੱਤਰ ਮੁਕਾਬਲਿਆਂ ਵਿੱਚ ਭਾਗ ਲਿਆ,ਜਿਸ ਵਿੱਚ ਲਗਭਗ ਵੀਹ ਸਕੂਲਾਂ ਦੇ ਅਣਗਿਣਤ ਵਿਦਿਆਰਥੀ ਸ਼ਾਮਿਲ ਸਨ,ਵਿਚੋਂ ਇਨਾਮ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਹੈ।ਉਹਨਾਂ ਦੱਸਿਆ ਕਿ ਸੱਭਿਆਚਾਰਕ ਮੁਕਾਬਲਿਆਂ ਦੇ ਇੰਚਾਰਜ ਅਧਿਆਪਕ ਮੈਡਮ ਸਨਦੀਪ ਕੌਰ ਅਤੇ ਜ਼ਸ਼ਨਦੀਪ ਕੌਰ ਨੇ ਬਹੁਤ ਮਿਹਨਤ ਕਰਵਾਈ ਹੈ।ਇਸ ਸਮੇਂ ਸੰਸਥਾ ਦੇ ਪ੍ਰਧਾਨ ਰਵੀ ਇੰਦਰ ਸਿੰਘ ਗਿੱਲ ਸਭਰਾ,ਮੈਡਮ ਹਰਜੀਤ ਕੌਰ ਸੰਧੂ ਨੇ ਵੀ ਵਿਦਿਆਰਥੀਆਂ ਅਤੇ ਸਟਾਫ ਨੂੰ ਵਧਾਈ ਦਿੱਤੀ। ਵਿਦਿਆਰਥੀਆ ਦੀ ਹੌਸਲਾ ਅਫਜਾਈ ਮੌਕੇ ਸਾਰਾ ਸਟਾਫ ਹਾਜਰ ਸੀ।




# MSM CONVENT SCHOOL

DHUN ROAD, CHOHLA SAHIB, DISTT. TARN TARAN

Affiliated to CBSE New Delhi

**ADMISSION OPEN**

**PLAYWAY TO XII**

• Medical • Non-Medical • Commerce • Arts Stream

*Age criteria as on 31st March

Playway : 2+ Years | Nursery : 3 to 4 Years | LKG : 4 to 5 Years | UKG : 5 to 6 Years

**FREE ADMISSION** IN PLAYWAY NURSERY & LKG for First 50 seats only

• Digital & Smart School • Parent's Orientation
• Emphasis on Creativity, Innovation, Public Speaking & Theatre
• Extensive Sports facilities like Cricket, Basketball, Kabaddi, Wrestling, Badminton, Football, Chess etc.
• FAP State Award for best sports facilities
• FAP National Award for budget-friendly School
• Holistic Development through Experiential Learning

**50% Off** IN ADMISSION CHARGES FOR ALL CLASSES for First 50 seats only

For Career opportunity : msmconventschool@gmail.com

Limited Seats Available
So Hurry Up! Call Now : 8288073538

msmconventschool@gmail.com
www.msmconventschool.com






ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

# ਗੁਰੂ ਅਰਜਨ ਦੇਵ ਖਾਲਸਾ ਕਾਲਜ

ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ

ਸ੍ਰ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ

ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ

**Courses Offered**

Post Graduation : • M.Sc. (Comp. Sci.) • M.Com.
Graduation : • BCA • B.Sc.(IT) • B.Sc. (Comp. Sci.) • B.Sc. (Eco.) • B.Sc. (N.Med.) • BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ

**10+1 & 10+2**
Medical, Non-Medical, Commerce and Arts
ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਪ੍ਰਾਪਤ

• Diploma in Artificial Intelligence
• Diploma in Cyber Security
• Certification Course in Digital Marketing
• Certification Course in Nanny Care

Affiliated to Jagat Guru Nanak Dev Punjab State Open University, Patiala

**ਵਿਸ਼ੇਸ਼ਤਾਵਾਂ**
- ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
- ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
- ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
- ਅਤਿ-ਅਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
- ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
- ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ

ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ



ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ

# ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ ਤਰਨ ਤਾਰਨ

# SHIPS LONDON KIDS PLAY PEN SCHOOL

*What makes us Special?*

• Loving and Caring Environment
• Dedicated Teachers and Staff
• Individual Education Plans
• Smart Class Room
• Creative Corner
• Big Outdoor Play Area

*Admission Open*

There is no Better Secure, Safe and Fun Place to Leave your Kid than in this School

Transport Facility Available

ਗੁਲਵਿੰਦਰ ਸਿੰਘ ਸੰਧੂ
ਡਾਇਰੈਕਟਰ

ਨਿਰਭੈਅ ਸਿੰਘ
ਪ੍ਰਿੰਸੀਪਲ

School Time : 10-00 am to 12-00 p.m.

Village Raniwallah, Chohla Sahib, TARN TARAN.
Mob. : 98148-64435, 98148-64437



# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ

ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410

ਸਰਹਾਲੀ ESTD. 1970

Website : ggskcsarhali.ac.in E-mail : ggscollegesarhali@yahoo.co.in

For Free Registration : Scan QR Code using WhatsApp Camera

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

## ਸੈਸ਼ਨ 2025-26 ਲਈ ਰਜਿਸਟ੍ਰੇਸ਼ਨ ਅਤੇ ਦਾਖ਼ਲਾ ਸ਼ੁਰੂ

10+1, 10+2 (ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ)

❖ B.A. ❖ B.C.A. ❖ M.Com. ❖ P.G.D.C.A.
❖ B.Sc. (N.M.) ❖ B.Com. ❖ M.A. (Pbi.) ❖ D.C.A.
❖ B.Sc. (C.Sc.) ❖ B.Sc. (Eco.) ❖ M.Sc. (IT) ❖ D.S.T.

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕੋਰਸ

❖ B.C.A. ❖ M.A. (Pbi.) ❖ D.I.T. ❖ D.F.D.
❖ B.Com. ❖ M.A. (Eng.) ❖ M.Sc. (C.Sc.) ❖ C.G.S.T.
❖ B.B.A. ❖ M.C.A. ❖ M.B.A.
❖ Diploma in Care Giver (Old Age Care)
❖ Diploma in Nanny Care (Early Childhood Care)

**ਵਿਸ਼ੇਸ਼ ਸਹੂਲਤਾਂ**

❖ ਦਸਵੀਂ/ਬਾਰਵੀਂ ਚੋਂ 90% ਤੋਂ ਵਧੇਰੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 25% ਤੱਕ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
❖ ਇੱਕੋ ਪਰਿਵਾਰ ਦੇ ਸਕੇ ਭੈਣ ਭਰਾ ਨੂੰ ਫ਼ੀਸ ਵਿਚ ਵਿਸ਼ੇਸ਼ ਰਿਆਇਤ।
❖ ਅਨੁਸੂਚਿਤ ਸ਼੍ਰੇਣੀ (S.C.) ਦੇ ਯੋਗ ਵਿਦਿਆਰਥੀਆਂ ਨੂੰ ਪੰਜਾਬ/ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਵਜ਼ੀਫ਼ੇ ਦੀ ਸਹੂਲਤ।
❖ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਵੱਲੋਂ ਵਿਦਿਆਰਥੀਆਂ ਲਈ ਵਜ਼ੀਫ਼ੇ/ਆਰਥਿਕ ਸਹਾਇਤਾ ਦੀ ਸਹੂਲਤ।
❖ N.C.C., N.S.S., Gym, ਬੁੱਕਸ਼ਾਪ, ਕੈਫ਼ੇਟੇਰੀਆ ਅਤੇ ਖੇਡਾਂ ਦੀ ਵਿਸ਼ੇਸ਼ ਸਹੂਲਤ। ਉੱਚ ਯੋਗਤਾ ਪ੍ਰਾਪਤ, ਤਜ਼ਰਬੇਕਾਰ ਅਤੇ ਮੇਹਨਤੀ ਸਟਾਫ਼।

ਸ. ਹਰਜਿੰਦਰ ਸਿੰਘ (ਆਨਰੇਰੀ ਸਕੱਤਰ) (ਮੋ) : 98781-70700

Helpline No. : 95011-03467, 98780-68015, 94179-36759, 81469-99004

ਡਾ. ਜਸਬੀਰ ਸਿੰਘ ਗਿੱਲ (ਪ੍ਰਿੰਸੀਪਲ) (ਮੋ) : 95017-46500



ਵੈਬਸਾਇਟ ਬਣਵਾਉਣ ਲਈ ਸੰਪਰਕ ਕਰੋ

+91 99881 82740



# CALLSTEM SOFTWARE LLP

Unlock your business's true potential with our expertise. Join us today and watch your brand soar!

OUR SERVICES
• Web Design and Development
• Mobile Application Development
• Social Media Management & Marketing
• Graphics Designing
• Custom Software Solutions

Contact - 9463661542